Postal No. - Jallandhar Vide No. L-4/PB/JL-0196/2024-2026
Read No. 32212/78

ਲੁਬਾਣਾ ਸੇਵਕ

ਸਤੰਬਰ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਦੇਸ਼-ਵਿਦੇਸ਼ ਵਸਦੀ ਸਮੂਹ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਲੱਖ-ਲੱਖ ਵਧਾਈ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

"ਜੁਗੋ ਜੁਗ ਅਟੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ"



ਭੁੱਲੀ-ਭਟਕੀ ਦੁਨੀਆਂ ਨੂੰ ਸਹੀ ਰਸਤਾ ਦਿਖਾਉਣ ਲਈ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਵਿੱਚ ਫਸੀ ਲੁਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ, ਦੁਲੰਭ ਮਨੁੱਖੀ ਜੀਵਨ ਨੂੰ ਸਫਲ ਬਣਾਉਣ ਲਈ, ਗੁਰੂ ਸਾਹਿਬਾਨ ਨੇ ਗਿਆਨ ਦੇ ਸਾਗਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਛੱਤੀ ਮਹਾਂਪੁਰਸ਼ਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਇਸੇ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।" ਇਸ ਅੰਮ੍ਰਿਤਮਈ ਬਾਣੀ ਵਿੱਚ ਹਰ ਇੱਕ ਪ੍ਰਾਣੀ ਨੂੰ ਆਪਣਾ ਅਨਮੋਲ ਜੀਵਨ ਸਫਲ ਕਰਨ ਲਈ ਜ਼ਿੰਦਗੀ ਦੇ ਹਰ ਪਹਿਲੂ ਤੋਂ ਸੇਧ ਦਿੱਤੀ ਗਈ ਹੈ।

ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਨ ਸੰਤਾਂ, ਮਹਾਂਪੁਰਸ਼ਾ, ਪਰਮਾਤਮਾ ਦੇ ਸੱਚੇ-ਸੁੱਚੇ ਪ੍ਰਭੂ-ਰੂਪ ਹੋ ਚੁੱਕੇ ਭਗਤਾਂ ਪਾਸੋਂ ਇਹ ਅੰਮ੍ਰਿਤਮਈ ਬਾਣੀ ਇੱਕਤਰ ਕੀਤੀ। ਇਸ ਅੰਮ੍ਰਿਤਮਈ ਧੁਰ ਕੀ ਬਾਣੀ ਦੇ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਸ਼ਾਮਿਲ ਕਰਕੇ ਸਾਰੀ ਬਾਣੀ ਨੂੰ ਪੋਥੀ ਸਾਹਿਬ ਦਾ ਰੂਪ ਦਿੱਤਾ। ਇਹ ਪੋਥੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸ਼੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ। ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪੋਥੀ ਸਾਹਿਬ ਵਿੱਚ ਆਪਣੀ ਇਲਾਹੀ ਬਾਣੀ ਦਰਜ ਕਰਕੇ ਪੋਥੀ ਸਾਹਿਬ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨੂਰੀ ਬਾਣੀ ਪੋਥੀ ਸਾਹਿਬ ਵਿੱਚ ਦਰਜ ਕਰਕੇ ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪੀ। ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਇਸ ਪੋਥੀ ਵਿੱਚ ਅੰਕਿਤ ਕਰਕੇ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਪੋਥੀ ਸਾਹਿਬ ਸੌਂਪੀ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ।

ਭਾਈ ਗੁਰਦਾਸ ਜੀ, ਜੋ ਕਿ ਰਿਸ਼ਤੇਦਾਰੀ ਵਿੱਚੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ, ਉਸ ਸਮੇਂ ਦੇ ਮਹਾਨ ਲਿਖਾਰੀ ਤੇ ਫਿਲਾਸਫਰ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਸਿੱਖ ਗੁਰੂ ਸਾਹਿਬਾਨ ਦੀ ਬਾਣੀ 'ਨਾਨਕ' ਨਾਮ ਨਾਲ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ ਅਤੇ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਦਰਜ ਕੀਤੀ ਗਈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਲਿਖਾਈ ਅਤੇ ਭਾਈ ਗੁਰਦਾਸ ਜੀ ਨੇ ਲਿਖੀ। ਪਵਿੱਤਰ ਆਦਿ ਗ੍ਰੰਥ ਤਿਆਰ ਕਰਨ ਲਈ ਤਕਰੀਬਨ ਇੱਕ ਸਾਲ ਲੱਗਾ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ। ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪ੍ਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਲਿਖਵਾਈ। ਸਾਬੋ ਕੀ ਤਲਵੰਡੀ ਵਿਖੇ ਇਹ ਬੀੜ ਲਿਖਵਾਈ ਗਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ-ਕੱਲ੍ਹ ਇਸੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਿਤ ਹਨ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ।

ਭਗਵਾਨ ਸਿੰਘ ਲੁਬਾਣਾ

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963

Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2000 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 26-09-2026 (ਸ਼ਨੀਵਾਰ)
ਸੰਗਰਾਂਦ - 17-09-2026 (ਵੀਰਵਾਰ)
ਮੱਸਿਆ - 11-09-2026 (ਸ਼ੁੱਕਰਵਾਰ)

ਤਤਕਰਾ

ਜਿਲਦ ਨੰ. 41 | ਅੰਕ - 159 | ਸਤੰਬਰ - 2026


1.	ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ	4
2.	ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਡੇਹਰਾ ਸਾਹਿਬ	8
3.	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ 'ਗੁਰੂ ਮਾਨਿਓ ਗ੍ਰੰਥ'	10
4.	ਭਲੇ ਅਮਰਦਾਸ ਗੁਣ ਤੇਰੇ	11
5.	ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ	13
6.	ਵਾਤਾਵਰਣ ਤੇ ਸਿਹਤ	14
7.	ਸਿਰਮੌਰ ਸਖ਼ਸ਼ੀਅਤ ਭਾਈ ਕਾਹਨ ਸਿੰਘ ਨਾਭਾ	17
8.	ਚਰਖਾ	18
9.	ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼	20
10.	ਵਿਸਰਦਾ ਜਾਂਦਾ ਪੰਜਾਬੀ ਵਿਰਸਾ	22
11.	ਗੁਰ ਸਾਗਰ ਦੇ ਸੁੱਚੇ ਮੋਤੀ	23
12.	ਸਚੁ ਸੁਣਾਇਸੀ ਸੱਚ ਕੀ ਬੇਲਾ	24
13.	ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	27
14.	ਜੀਵਨ ਵਿਕਾਸ - ਇਕ ਸੰਘਰਸ਼	29
15.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	30
16.	ਸਿਹਤ ਸੰਭਾਲ	32
17.	ਕਾਵਿ-ਕਿਆਰੀ	34
18.	ਭਾਈ ਕਨ੍ਹੈਯਾ ਜੀ	36
19.	Matrimonial	38
20.	12 Interesting Computer Facts	40
21.	ਦਾਨੀ ਸੱਜਣਾਂ ਦੀ ਸੂਚੀ	41

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ



ਗੁਰਬਾਣੀ ਅਤੇ ਇਤਿਹਾਸ ਨਾਲ ਪਿਆਰ ਕਰਨ ਵਾਲਾ ਹਰ ਗੁਰੂ ਨਾਨਕ ਨਾਮ ਲੇਵਾ ਸਿਖ ਇਹ ਜਾਣਦਾ ਹੈ ਕਿ ਵਰ੍ਹੇ ਦਾ ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ, ਜਿਸ ਦਿਨ ਸਿੱਖ ਧਰਮ ਨਾਲ ਸਬੰਧਤ ਕੋਈ 'ਘਟਨਾ' ਨਾ ਵਾਪਰੀ ਹੋਵੇ। ਨਵੇਂ ਨਾਨਕਸ਼ਾਹੀ ਕੈਲੰਡਰ 'ਤੇ ਨਜ਼ਰ ਮਾਰੀਏ ਤਾਂ ਹਰ ਮਹੀਨੇ ਹੀ ਕਈ ਅਜਿਹੇ ਦਿਨ ਆਉਂਦੇ ਹਨ, ਜਿਨ੍ਹਾਂ ਦੀ ਯਾਦ ਨਾਲ ਹੀ ਸਿਰ ਆਪ ਮੁਹਾਰੇ ਸ਼ਰਧਾ ਵਿੱਚ ਝੁਕ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰ ਕੇ ਸਾਡੇ ਕਲਿਆਣ ਹਿੱਤ ਆਪਣਾ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਦੀਵ ਕਾਲ ਲਈ ਸਾਨੂੰ ਦੇ ਦਿੱਤਾ। ਅਸੀਂ ਕਿੰਨੇ ਵੱਡੇ ਭਾਗਾਂ ਵਾਲੇ ਹਾਂ ਕਿ ਜੀਵਨ ਦੇ ਹਰ ਮੋੜ 'ਤੇ ਸੇਧ ਦੇਣ ਲਈ ਗੁਰੂ ਸਾਹਿਬਾਨ ਜੀ ਦਾ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ-ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਸਮੁੱਚੇ ਸਿੱਖ ਜਗਤ ਦਾ ਕਾਰ-ਵਿਹਾਰ ਘੁੰਮਦਾ ਹੈ। ਜੋ ਵੀ ਪ੍ਰਾਣੀ ਮਾਤਰ ਆਪਣੇ ਆਪ ਨੂੰ ਸਿੱਖ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ, ਉਹ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ 'ਤੇ ਅਧਾਰਤ ਜ਼ਿੰਦਗੀ ਜੀਊਣ ਦਾ ਪਾਬੰਦ ਹੈ।

ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ। ਭਾਈ ਗੁਰਦਾਸ ਭੱਲਾ ਦੀ ਪਹਿਲੀ ਵਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਆਪਣੇ ਪਾਸ ਇਕ ਪੋਥੀ ਰੱਖਦੇ ਸਨ। ਨਿਰਸੰਦੇਹ ਇਹ ਪੋਥੀ ਉਹੀ ਸੀ ਜਿਸ ਵਿੱਚ ਗੁਰੂ ਸਾਹਿਬ ਆਪਣੀ ਰਚੀ ਬਾਣੀ ਨੂੰ ਦਰਜ ਕਰਦੇ ਸਨ। ਪੁਰਾਤਨ ਜਨਮ ਸਾਖੀ ਦੀ ਗਵਾਹੀ ਤੋਂ ਇਹ ਪਤਾ ਚਲਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੂੰ ਸੌਂਪੀ ਤੇ ਨਾਲ ਹੀ ਉਨ੍ਹਾਂ ਨੂੰ ਉਹ 'ਪੋਥੀ' ਜਿਸ ਵਿੱਚ ਉਨ੍ਹਾਂ ਦੀ ਆਪਣੀ ਬਾਣੀ ਸੀ, ਵੀ ਸੌਂਪ ਦਿੱਤੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਗਰ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਮੌਜੂਦ ਸੀ ਤਾਂ ਬਾਣੀ ਨੂੰ ਗੁਰੂ ਦਾ ਰੁਤਬਾ ਵੀ ਪ੍ਰਾਪਤ ਸੀ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਇਸ 'ਗ੍ਰੰਥ' ਦੀ ਸੰਪਾਦਨਾ ਦੀ ਲੋੜ ਕਿਉਂ ਮਹਿਸੂਸ ਹੋਈ? ਇਸ ਸਵਾਲ ਦੇ ਇਤਿਹਾਸਕਾਰਾਂ-ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਕਈ ਜਵਾਬ ਦਿੱਤੇ ਹਨ। ਪਰ ਪ੍ਰਮੁੱਖ ਤੇ ਪ੍ਰਵਾਨਤ ਕਾਰਨ ਇਹ ਸੀ ਕਿ ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਧਰਮ ਦੀ ਸੁੰਤਤਰ ਹੋਂਦ ਲਈ ਸਿੱਖਾਂ ਪਾਸ ਆਪਣਾ ਧਾਰਮਿਕ ਗ੍ਰੰਥ ਹੋਣਾ ਬਹੁਤ ਜ਼ਰੂਰੀ ਹੈ। ਗੁਰੂ-ਘਰ ਦੇ ਵਿਰੋਧੀ ਬਹੁਤ ਸਾਰੀ ਬਾਣੀ ਰਚ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਸੋ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ



ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਕ 'ਗ੍ਰੰਥ' ਦਾ ਰੂਪ ਦਿੱਤਾ ਜਾਵੇ ਤਾਂ ਕਿ ਇਸ ਵਿੱਚ ਕੱਚੀ ਬਾਣੀ ਦੀ ਮਿਲਾਵਟ ਦੀ ਕੋਈ ਗੁੰਜਾਇਸ਼ ਨਾ ਰਹਿ ਜਾਵੇ ਅਤੇ ਸਿੱਖ, ਗੁਰੂ-ਘਰ ਦੇ ਵਿਰੋਧੀਆਂ (ਮੀਣੇ) ਵੱਲੋਂ ਰਚੀ ਬਾਣੀ ਵੱਲ ਪ੍ਰੇਰਿਤ ਨਾ ਹੋ ਜਾਣ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ 'ਗ੍ਰੰਥ' ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।

ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ 'ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ 'ਬਾਣੀ' ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ 'ਪੋਥੀਆਂ' ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ 'ਪੋਥੀਆਂ' ਦਾ ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ 'ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ 'ਪੋਥੀਆਂ' 'ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ, ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ 'ਪੋਥੀਆਂ' ਵਾਲੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ 'ਆਦਿ ਗ੍ਰੰਥ' ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜੋਖਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਤੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ

’ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ ‘ਗ੍ਰੰਥ’ ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

‘ਆਦਿ ਗ੍ਰੰਥ’ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 “8)) ਆਕਾਰ ਦੇ ਸਨ। ਇਸ ਗਰੰਥ ਨੂੰ ‘ਆਦਿ ਬੀੜ’ ਜਾਂ ‘ਕਰਤਾਰਪੁਰ ਵਾਲੀ ਬੀੜ’ ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ ‘ਭਾਈ ਬੰਨੋ ਵਾਲੀ ਬੀੜ’ ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ ‘ਦਮਦਮੀ ਬੀੜ’ ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ. ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ ’ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ ‘ਬੀੜ’ ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ ‘ਜਪੁ ਜੀ’ ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ ‘ਸੋ ਦਰੁ ਰਹਰਾਸਿ’ ਨੂੰ ਸਥਾਨ ਦਿੱਤਾ ਗਿਆ ਹੈ। ‘ਸੋ ਦਰੁ’ ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। ‘ਸੋ ਦਰੁ ਰਹਰਾਸਿ’ ਤੋਂ ਪਿੱਛੋਂ ‘ਸੋ ਪੁਰਖ’ (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ ‘ਸੋਹਿਲਾ’ ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

‘ਸੋਹਿਲਾ’ ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ ‘ਨਾਨਕ’ ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ ’ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ ‘ਗ੍ਰੰਥ’ ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, “ਗੁਰੂ” ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ ‘ਗ੍ਰੰਥ’ ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ ‘ਗੁਰੂ’ ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ ‘ਗ੍ਰੰਥ’ ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ ‘ਗ੍ਰੰਥ’ ਜੀ ਨੂੰ ਕਿਸ ਅਸਥਾਨ ’ਤੇ ਸਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ ‘ਗ੍ਰੰਥ’ ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। ‘ਗ੍ਰੰਥ’ ਜੀ ਚੰਦੋਏ ਹੇਠ ਚੌਂਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇਂ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ ‘ਗ੍ਰੰਥ’ ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ ‘ਗ੍ਰੰਥ’ ਜੀ ਨੂੰ ਆਪਣੇ ਸਿਰ ’ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ

ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ–

ਸੰਤਾ ਕੇ ਕਾਰਜ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ (ਪੰਨਾ 783)

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ।

ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ। ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

• • •

ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੋਈਏ !

ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਡੇਹਰਾ ਸਾਹਿਬ



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 20 ਵੈਸਾਖ, ਸੰਮਤ 1526 (1469 ਈ:) ਨੂੰ ਪਿਤਾ ਮਹਿਤਾ ਕਾਲੂ ਜੀ (ਕਲਿਆਣ ਦਾਸ) ਤੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਰਾਇ ਭੋਇੰ ਦੀ ਤਲਵੰਡੀ, ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਹੋਇਆ। ਵਾਹਿਗੁਰੂ ਜੀ ਖੁਦ ਹੀ ਜੋਤ ਰੂਪ ਹੋ ਗੁਰੂ ਨਾਨਕ ਰੂਪ 'ਚ ਪ੍ਰਗਟ ਹੋਏ ਤੇ ਫਿਰ ਇਹ ਜੋਤ ਹੋਰ ਗੁਰੂ ਸਾਹਿਬਾਨ ਤੋਂ ਹੁੰਦੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੱਚ ਕੀ ਬਾਣੀ' ਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਰਹੀ ਹੈ।

ਬਚਪਨ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਹਿਰਦਾ ਮਨੁੱਖਤਾ ਦੇ ਪਿਆਰ ਨਾਲ ਭਰਪੂਰ ਸੀ। ਉਹ ਮਨੁੱਖਤਾ ਦੀ ਤ੍ਰਾਸਦੀ ਵੇਖ ਕੇ ਬਿਹਬਲ ਹੋ ਉਠਦੇ ਸਨ ਤੇ ਸਮੁੱਚੀ ਕਾਇਨਾਤ ਦੇ ਭਲੇ ਲਈ ਅਕਾਲ ਪੁਰਖ ਕੋਲ ਅਰਦਾਸ, ਅਰਜ਼ੋਈ, ਬੇਨਤੀ ਕਰਦੇ ਸਨ। ਗੁਰੂ ਜੀ ਦੁਨਿਆਵੀ ਚੀਜ਼ਾਂ ਤੋਂ ਦੂਰ ਰਹਿੰਦੇ ਅਤੇ ਅਕਾਲ ਪੁਰਖ ਨਾਲ ਆਪਣੇ ਆਪ ਨੂੰ ਜੋੜੀ ਰੱਖਦੇ। ਇਹ ਦੇਖ ਕੇ ਗੁਰੂ ਜੀ ਦੇ ਮਾਤਾ-ਪਿਤਾ ਜੀ ਪ੍ਰੇਸ਼ਾਨ ਹੁੰਦੇ। ਗੁਰੂ ਸਾਹਿਬ ਜਦੋਂ ਥੋੜ੍ਹੇ ਵੱਡੇ ਹੋਏ ਤਾਂ ਮਾਤਾ-ਪਿਤਾ ਜੀ ਦੇ ਕਹਿਣ 'ਤੇ ਆਪ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਆਪ ਜੀ ਨੂੰ ਆਪਣੇ ਪਾਸ ਸੁਲਤਾਨਪੁਰ ਲੋਧੀ (ਕਪੂਰਥਲਾ) ਲੈ ਗਏ। ਉਥੇ ਗੁਰੂ ਜੀ ਦੇ ਜੀਜਾ ਜੈ ਰਾਮ ਜੀ ਨੇ ਇਨ੍ਹਾਂ ਨੂੰ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਖੇ ਕੰਮ 'ਤੇ ਰਖਵਾ ਦਿੱਤਾ। ਲਗਪਗ 18 ਸਾਲ ਦੀ ਉਮਰ ਵਿਚ ਗੁਰੂ ਜੀ ਦੀ ਮੰਗਣੀ ਬਟਾਲਾ ਸ਼ਹਿਰ ਦੇ ਖੱਤਰੀ ਬਾਬਾ ਮੂਲ ਚੰਦ ਪਟਵਾਰੀ ਤੇ ਮਾਤਾ ਚੰਦੋ ਰਾਣੀ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋ ਗਈ। ਆਪ ਸਮੇਤ ਬਰਾਤੀਆਂ, ਜਿਨ੍ਹਾਂ ਵਿਚ ਭਾਈ ਮਰਦਾਨਾ ਜੀ, ਭਾਈ ਬਾਲਾ ਜੀ, ਹਾਕਮ ਰਾਏ ਬੁਲਾਰ ਜੀ ਤੇ ਨਵਾਬ ਦੌਲਤ ਖਾਂ ਆਦਿ ਸੱਜਣਾਂ, ਰਿਸ਼ਤੇਦਾਰਾਂ ਅਤੇ ਪਰਿਵਾਰ ਦੇ ਮੈਂਬਰਾਂ ਨਾਲ ਸਜ-ਧਜ ਕੇ ਸੁਲਤਾਨਪੁਰ ਲੋਧੀ ਤੋਂ ਬਾ-ਰਸਤਾ ਕਪੂਰਥਲਾ, ਸੁਭਾਨਪੁਰ, ਬਾਬਾ ਬਕਾਲਾ ਤੋਂ ਹੁੰਦੇ ਹੋਏ ਬਟਾਲਾ ਵਿਖੇ ਪੁੱਜੇ।

ਗੁਰੂ ਜੀ ਦੀ ਬਰਾਤ ਦਾ ਬਟਾਲਾ ਵਿਖੇ ਪੁੱਜਣ 'ਤੇ ਸ਼ਹਿਰ ਦੇ ਪ੍ਰਮੁੱਖ ਤੌਰ 'ਤੇ ਪਤਵੰਤੇ ਸੱਜਣਾਂ ਅਤੇ ਰਿਸ਼ਤੇਦਾਰਾ ਵਲੋਂ (ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਚੌਧਰੀ ਅਜਿੱਤਾ ਰੰਧਾਵਾ ਜੀ ਵੀ ਸ਼ਾਮਿਲ ਸਨ) ਬਰਾਤੀਆਂ ਦਾ ਸਵਾਗਤ ਕੀਤਾ ਗਿਆ। ਗੁਰੂ ਜੀ ਦਾ ਵਿਆਹ

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਸੰਪੂਰਨ ਹੋਣ ਤੋਂ ਬਾਅਦ ਭਾਰੀ ਬਾਰਿਸ਼ ਹੋਣੀ ਸ਼ੁਰੂ ਹੋ ਗਈ। ਬਾਰਿਸ਼ ਕਾਰਨ ਗੁਰੂ ਜੀ ਅਤੇ ਬਰਾਤੀਆਂ ਨੂੰ ਇਕ ਹਵੇਲੀ ਵਿਚ ਠਹਿਰਾਇਆ ਗਿਆ, ਜਿਥੇ ਇਕ ਪੁਰਾਤਨ ਕੱਚੀ ਕੰਧ ਸੀ, ਜਿਸ ਦੇ ਹੇਠਾਂ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਝ ਸਮਾਂ ਨਿਵਾਸ ਕੀਤਾ। ਉਥੇ ਮੌਜੂਦ ਇਕ ਬਜ਼ੁਰਗ ਮਾਤਾ ਨੇ ਗੁਰੂ ਜੀ ਨੂੰ ਕਿਹਾ ਕਿ ਬੱਚਾ, ਇਹ ਕੰਧ ਕੱਚੀ ਹੈ, ਜੋ ਢਹਿਣ ਹੀ ਵਾਲੀ ਹੈ, ਉੱਠ ਕੇ ਜ਼ਰਾ ਪਰੇ ਹੋ ਜਾ। ਬਜ਼ੁਰਗ ਮਾਤਾ ਦੇ ਇਹ ਬੋਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਮਾਤਾ ਭੋਲੀਏ! ਇਹ ਕੰਧ ਜੁਗੋ-ਜੁਗ ਕਾਇਮ ਰਹੇਗੀ ਅਤੇ ਸਾਡੇ ਵਿਆਹ ਦੀ ਯਾਦਗਾਰ ਹੋਵੇਗੀ।' ਅੱਜ ਉਸ ਜਗ੍ਹਾ 'ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਸੁਭਾਇਮਾਨ ਹੈ ਅਤੇ ਉਹ ਕੱਚੀ ਕੰਧ ਗੁਰਦੁਆਰਾ ਸਾਹਿਬ ਅੰਦਰ ਸ਼ੀਸ਼ੇ ਵਿਚ ਸੁਰੱਖਿਅਤ ਅੱਜ ਵੀ ਮੌਜੂਦ ਹੈ।



ਮਹਾਰਾਜਾ ਸ਼ੇਰ ਸਿੰਘ ਨੇ ਆਪਣੇ ਰਾਜਕਾਲ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਘਰ ਅਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਨੂੰ ਪੱਕਾ ਗੁਰੂ ਅਸਥਾਨ ਬਣਾਇਆ। ਲਗਪਗ 3 ਕਨਾਲ ਜਗ੍ਹਾ ਵਿਚ ਬਣੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ। ਕਮੇਟੀ ਵਲੋਂ ਦੋ ਵਿੱਦਿਅਕ ਅਦਾਰੇ ਸ੍ਰੀ ਗੁਰੂ ਨਾਨਕ ਦੇਵ ਅਕੈਡਮੀ ਅਤੇ ਗੁਰੂ ਨਾਨਕ ਕਾਲਜ ਜਲੰਧਰ ਰੋਡ, ਬਟਾਲਾ ਵਿਖੇ ਚਲਾਏ ਜਾ ਰਹੇ ਹਨ। ਗੁਰਮਤਿ ਸਾਹਿਤ ਸੰਗਤਾਂ ਤੱਕ ਪਹੁੰਚਾਉਣ ਲਈ ਗੁਰਮਤਿ ਸਾਹਿਤ ਘਰ ਵੀ ਖੋਲ੍ਹਿਆ ਗਿਆ ਹੈ। ਇਥੇ ਸ਼ਰਧਾਲੂਆਂ ਦੇ ਰਾਤ ਠਹਿਰਣ ਲਈ 5 ਕਮਰੇ ਹਨ।

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ - ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ 19 ਫੱਗਣ ਸੰਮਤ 1544 (1487 ਈ:) ਵਿਚ ਹੋਇਆ। ਬਰਾਤ ਦਾ ਉਤਾਰਾ ਪਹਿਲਾਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਦੇ ਅਸਥਾਨ 'ਤੇ ਕੀਤਾ ਅਤੇ ਵਿਆਹ ਗੁਰੂ ਜੀ ਦੇ ਸਹੁਰਾ-ਘਰ, ਜੋ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਅਸਥਾਨ ਨਾਲ ਪ੍ਰਸਿੱਧ ਹੈ, ਵਿਖੇ ਹੋਇਆ। ਇਹ ਸਥਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੋਂ ਕਰੀਬ 100 ਮੀਟਰ ਦੀ ਦੂਰੀ 'ਤੇ ਸਥਿਤ ਹੈ। ਜਿਥੇ ਗੁਰਦੁਆਰਾ ਡੇਹਰਾ ਸਾਹਿਬ ਮੌਜੂਦ ਹੈ। ਇਸ ਸਥਾਨ 'ਤੇ ਸ੍ਰੀ ਮੂਲ ਚੰਦ ਦਾ ਘਰ ਸੀ ਤੇ ਇਸ ਘਰ ਵਿਚ ਉਸ ਸਮੇਂ ਦੀ ਖੂਹੀ ਵੀ ਮੌਜੂਦ ਹੈ। ਜਿਸ ਸਥਾਨ 'ਤੇ ਬਰਾਤ ਦਾ ਉਤਾਰਾ ਕੀਤਾ ਗਿਆ, ਇਹ ਹਵੇਲੀ ਭਾਈ ਜਮੀਤ ਰਾਏ ਬੰਸੀ ਦੀ ਸੀ।

ਗੁਰਦੁਆਰਾ ਕੰਧ ਸਾਹਿਬ - ਮਿਸਲਾਂ (1750-1790 ਈ:) ਤੱਕ ਸ: ਜੱਸਾ ਸਿੰਘ ਰਾਮਗੜ੍ਹੀਆ, ਸ: ਜੈ ਸਿੰਘ ਤੇ ਸ: ਗੁਰਬਖਸ਼ ਸਿੰਘ ਮਿਸਲ ਕਨੱਈਆ ਨੇ ਰਾਜ ਕੀਤਾ। ਸ: ਗੁਰਬਖਸ਼ ਸਿੰਘ ਦੀ ਰਾਣੀ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਵੀ ਇਸ ਨਗਰ ਦੀ ਹਾਕਮ ਰਹੀ। ਕਨੱਈਆ ਸਰਦਾਰਾਂ ਦੀਆਂ ਸਮਾਧਾਂ ਅੱਜ ਵੀ ਸ਼ਹਿਰ ਵਿਚ ਮਿਲਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਦੀ ਰਿਹਾਇਸ਼ ਵੀ ਇਸ ਨਗਰ ਵਿਚ ਸੀ। ਅੱਜ ਵੀ ਉਨ੍ਹਾਂ ਦੇ ਮਹਿਲ ਦਾ ਕੁਝ ਹਿੱਸਾ ਬੇਰਿੰਗ ਕਾਲਜ ਵਿਚ ਵੇਖਿਆ ਜਾ ਸਕਦਾ ਹੈ।

ਗੁਰੂ ਸਾਹਿਬ ਦੇ ਵਿਆਹ ਪੁਰਬ ਨਾਲ ਸਬੰਧਿਤ ਜੋੜ ਮੇਲਾ ਹਰ ਸਾਲ ਬਟਾਲਾ ਵਿਖੇ ਸਮੂਹ ਸੰਗਤਾਂ ਵਲੋਂ ਬਹੁਤ ਹੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

● ● ●

ਦੁਆਵਾਂ ਰੱਦ ਨਹੀਂ ਹੁੰਦੀਆਂ ਬਸ ਬੇਹਤਰੀਨ ਸਮੇਂ ਤੇ ਕਬੂਲ ਹੁੰਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ''ਗੁਰੂ ਮਾਨਿਓ ਗ੍ਰੰਥ''



ਜੁਗੋ-ਜਗ ਅਟੱਲ, ਚਵਰ ਤਖਤ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਵ ਸਮਾਜ ਦੇ ਸਰਬਪੱਖੀ ਕਲਿਆਣ ਲਈ ਅਕਾਲ ਪੁਰਖ ਦਾ ਇਕ ਇਲਾਹੀ ਤੋਹਫਾ, ਸੁੱਚੇ ਮੋਤੀਆਂ ਦਾ ਭਰਪੁਰ ਖਜ਼ਾਨਾ ਹੈ। ਇਸ ਪਾਵਨ ਪਵਿੱਤਰ ਮਹਾਨ ਗ੍ਰੰਥ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹਿੰਦੋਸਤਾਨ ਦੇ ਵੱਖ-ਵੱਖ ਇਲਾਕਿਆਂ ਵਿੱਚ ਅਕਾਲ ਪੁਰਖ ਦੀ ਅਰਾਧਨਾ ਕਰ ਰਹੇ ਉਨ੍ਹਾਂ ਭਗਤ ਜਨਾਂ ਦੀ ਬਾਣੀ ਦਰਜ ਕੀਤੀ ਜਿਨ੍ਹਾਂ ਸਮੁੱਚੀ ਮਾਨਵਤਾ ਨੂੰ ਸ਼ਾਂਤੀ, ਆਪਸੀ ਭਾਈਚਾਰੇ, ਨਿਮਰਤਾ, ਹਲੀਮੀ, ਸੇਵਾ ਤੇ ਸਿਮਰਨ ਦਾ ਸੰਦੇਸ਼ ਦੇ ਕੇ ਧਰਮ ਦੇ ਮਾਰਗ 'ਚੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਤੋਂ ਸਪੱਸ਼ਟ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਭਗਤ ਜਨ, 11 ਭਟ ਤੇ ਹੋਰ ਚਾਰ ਗੁਰਸਿੱਖਾਂ ਦੀ ਬਾਣੀ ਦਰਜ ਹੈ। ਇਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ ਉਪਦੇਸ਼ ਦਾ ਸੰਚਾਰ ਕਰਨ ਹਿਤ ਸਮੁੱਚੀ ਮਾਨਵ ਜਾਤੀ ਨੂੰ ਕਲਿਆਣਮਈ ਪ੍ਰਵਚਨਾਂ ਰਾਹੀਂ ਆਤਮਿਕ ਉੱਚਤਾ ਤੇ ਇਖਲਾਕੀ ਪ੍ਰੱਪਕਾ ਦਾ ਸੰਦੇਸ਼ ਦਿੱਤਾ ਗਿਆ ਹੈ। ਮਨੁੱਖ ਚਾਹੇ ਕਿਸੇ ਵੀ ਧਰਮ ਦਾ, ਕਿਸੇ ਵੀ ਦੇਸ਼ ਦਾ ਹੋਵੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਆਪਣੇ ਹਰ ਸਵਾਲ ਦਾ ਢੁਕਵਾਂ ਉੱਤਰ ਜ਼ਰੂਰ ਮਿਲਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਅਤੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰੂ ਘਰ ਵੱਲੋਂ ਬਖਸ਼ਿਸ਼ਾਂ ਪ੍ਰਾਪਤ ਗੁਰਸਿੱਖਾਂ ਦੀ ਬਾਣੀ ਪਹਿਲਾਂ ਬੜੀ ਮਿਹਨਤ ਨਾਲ ਸੰਪਾਦਿਤ ਕੀਤੀ। ਇਹ ਸਾਰਾ ਪਵਿੱਤਰ ਕਾਰਜ ਰਮਣੀਕ ਅਤੇ ਪਵਿੱਤਰ ਅਸਥਾਨ ਸ੍ਰੀ ਰਾਮਸਰ, ਸ੍ਰੀ ਅੰਮ੍ਰਿਤਸਰ ਦੇ ਅਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਤੋਂ ਲਿਖਵਾਈ। 'ਸ਼ਬਦ ਗੁਰੂ' ਦੀ ਸੰਪਾਦਨਾ ਦਾ ਕਾਰਜ 1601 ਈ. ਨੂੰ ਅਰੰਭ ਕਰ ਕੇ 1604 ਈ. ਨੂੰ ਮੁਕੰਮਲ ਕੀਤਾ ਗਿਆ।

ਜਦੋਂ ਇਹ ਪਾਵਨ ਗ੍ਰੰਥ ਸਾਹਿਬ, ਜਿਸ ਨੂੰ ਪੋਥੀ ਪਰਮੇਸ਼ਵਰ ਕਾ ਥਾਨ ਦਾ ਨਾਮ ਦਿੱਤਾ ਗਿਆ, ਸੰਪੂਰਨ ਹੋਇਆ ਤਾਂ ਇਸ ਦੀ ਜਿਲਦਬੰਦੀ ਲਈ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਗਿਆ। ਸਾਰਾ ਕਾਰਜ ਸੰਪੂਰਨ ਹੋਣ 'ਤੇ ਇਸ ਪਾਵਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਸੀਸ 'ਤੇ ਸੁਭਾਇਮਾਨ ਕਰ ਕੇ ਗੁਰਦੁਆਰਾ ਰਾਮਸਰ ਸਾਹਿਬ ਦੇ ਅਸਥਾਨ ਤੋਂ ਇਕ ਨਗਰ ਕੀਰਤਨ ਦੇ ਰੂਪ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਦੇ ਨਾਲ ਸ਼ਹਿਰ ਵਿੱਚੋਂ ਲੰਘਦਿਆਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਿਰਾਜਮਾਨ ਕੀਤਾ। ਸਾਰੇ ਰਸਤੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਹੈੱਡ ਗ੍ਰੰਥੀ ਥਾਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਬਾਬਾ ਬੁੱਢਾ ਜੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਕਿਹਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਇਕ 1661 ਬਿਕ੍ਰਮੀ ਨੂੰ ਹੋਇਆ। ਬਾਬਾ ਜੀ ਨੇ ਸਤਿਕਾਰ ਸਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ।


ਇਸ ਤਰ੍ਹਾਂ ਦਸਮੇਸ਼ ਪਿਤਾ ਜੀ ਵੱਲੋਂ ਹੋਏ ਹੁਕਮ ਅਨੁਸਾਰ ਹਰ ਸਿੱਖ ਲਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ-ਜਗ ਅਟੱਲ ਗੁਰੂ ਹਨ ਤੇ ਸਿੱਖ ਨੇ ਹਰ ਤਰ੍ਹਾਂ ਦੀਆਂ ਅਧਿਆਤਮਿਕ, ਆਤਮਿਕ ਤੇ ਮਾਨਸਿਕ ਲੋੜਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪ੍ਰਾਪਤ ਕਰਨੀਆਂ ਹਨ। ਇਸ ਤਰ੍ਹਾਂ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਅਦੁੱਤੀ ਸਰੂਪ ਸਕਾਰਤਾ ਦਾ ਰੂਪ ਧਾਰਨ ਕਰ ਸਕਿਆ। ਇਸ ਨਾਲ ਦੁਨੀਆ ਭਰ ਦਾ ਧਾਰਮਿਕ ਵਾਤਾਵਰਨ ਰੁਸ਼ਨਾ ਗਿਆ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਭਲੇ ਅਮਰਦਾਸ ਗੁਣ ਤੇਰੇ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼-ਵਿਦੇਸ਼ ਵਿਚ ਵੱਖ-ਵੱਖ ਗੁਰੂ ਘਰਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਇਸ ਵਾਰ ਪ੍ਰਕਾਸ਼ ਪੁਰਬ ਗੁਰੂ ਅਮਰਦਾਸ ਜੀ ਮਿਤੀ 9 ਮਈ 2017 ਨੂੰ ਬੜੀ ਸ਼ਰਧਾ ਨਾਲ ਮਨਾਇਆ ਗਿਆ।



ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਲਤਾਨਪੁਰ ਲੋਧੀ ਦੇ ਵਾਸੀ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਿਹਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ
ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥

(ਅੰਗ -990)

ਜਿਉਂ ਹੀ ਇਹ ਸ਼ੁੱਭ ਬੋਲ ਆਪ ਦੇ ਕੰਨੀਂ ਪਏ, ਆਪ ਦੇ ਹਿਰਦੇ ਵਿਚ ਧੂਹ ਪਈ ਅਤੇ ਜਾ ਕੇ ਬੀਬੀ ਅਮਰੋ ਨੂੰ ਪੁੱਛਿਆ ਕਿ ਇਹ ਕਿਸ ਦੀ ਬਾਣੀ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪਾਵਨ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ 'ਤੇ ਹੁਣ ਮੇਰੇ ਪਿਤਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਆਪ ਨੇ ਉਸੇ ਸਮੇਂ ਖਿੱਚ ਧਾਧੀ ਅਤੇ ਬੀਬੀ ਨਾਲ ਦੂਸਰੇ ਪਾਤਸ਼ਾਹ ਜੀ ਦੇ ਦੀਦਾਰ ਨੂੰ ਚੱਲ ਪਏ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਦਿਆਂ ਹੀ ਉਨ੍ਹਾਂ ਦੇ ਅੰਦਰ ਠੰਢ ਵਰਤ ਗਈ ਅਤੇ ਉਹ ਗੁਰੂ ਚਰਨਾਂ ਨਾਲ ਲਿਪਟ ਗਏ। ਆਪ ਨੇ ਲਗਾਤਾਰ 12 ਸਾਲ ਗੁਰੂ ਦਰਬਾਰ ਵਿਚ ਗੁਰੂ ਸਾਹਿਬ ਅਤੇ ਸਾਧ ਸੰਗਤ ਦੀ ਅਣਥੱਕ ਸੇਵਾ ਕੀਤੀ। ਆਪ ਰੋਜ਼ ਗੁਰੂ ਸਾਹਿਬ ਦੇ ਇਸ਼ਨਾਨ ਅਤੇ ਲੰਗਰ ਲਈ ਬਿਆਸ ਦਰਿਆ ਤੋਂ ਜਲ ਲਿਆਉਂਦੇ ਸਨ। ਇਕ ਵਾਰ ਸਰਦੀਆਂ ਦੀ ਰਾਤ ਨੂੰ ਮੀਂਹ ਕਾਰਨ ਚਿੱਕੜ ਹੋਇਆ ਪਿਆ ਸੀ ਪਰ ਆਪ ਨੇ ਸੇਵਾ ਵਿਚ ਵਿਘਨ ਨਾ ਪਾਇਆ। ਸਿਰ ਉਤੇ ਪਾਣੀ ਦੀ ਗਾਗਰ ਚੁੱਕੀ 72 ਸਾਲ ਦੀ ਬਿਰਧ ਆਯੂ ਵਿਚ ਜਦੋਂ ਆਪ ਤੁਰੇ ਆ ਰਹੇ ਸਨ ਤਾਂ ਅਚਾਨਕ ਜੁਲਾਹੇ ਦੇ ਕਿੱਲੇ ਨਾਲ ਠੋਕਰ ਖਾ ਕੇ ਡਿੱਗ ਪਏ ਪਰ ਪਾਣੀ ਨਾ ਡੁੱਲ੍ਹਣ ਦਿੱਤਾ। ਜੁਲਾਹੀ ਨੇ ਆਪ ਨੂੰ ਨਿਥਾਵਾ ਕਹਿ ਕੇ ਟਕੋਰ ਮਾਰੀ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਆਪ ਦੀ ਮਹਾਨ ਘਾਲਣਾ ਨੂੰ ਦੇਖ ਕੇ ਤੁੱਠੇ ਅਤੇ ਆਪ ਨੂੰ 12 ਸ੍ਰੇਸ਼ਟ ਵਰ ਦੇ ਕੇ ਗਲ ਨਾਲ ਲਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਮਾਣ ਬਖਸ਼ਦਿਆਂ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ,

ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੱਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ ਆਦਿ। ਫਿਰ ਗੁਰੂ ਸਾਹਿਬ ਨੇ ਆਪ ਜੀ ਨੂੰ ਗੋਇੰਦਵਾਲ ਨਗਰ ਵਸਾਉਣ ਦੀ ਆਗਿਆ ਦਿੱਤੀ। ਜੋਤੀ ਜੋਤਿ ਸਮਾਉਣ ਸਮੇਂ ਦੂਸਰੇ ਪਾਤਸ਼ਾਹ ਨੇ ਆਪ ਨੂੰ ਗੁਰਗੱਦੀ ਸੌਂਪ ਕੇ ਗੁਰੂ ਅਮਰਦਾਸ ਜੀ ਥਾਪ ਦਿੱਤਾ। ਆਪ ਨੇ 1552 ਈ: ਤੋਂ 1574 ਈ: ਤੱਕ 22 ਸਾਲ, 5 ਮਹੀਨੇ ਅਤੇ 11 ਦਿਨ ਗੁਰਿਆਈ ਕੀਤੀ ਅਤੇ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ ਜੋ ਆਪਣੀ ਮਿਸਾਲ ਆਪ ਹਨ।



ਆਪ ਨੇ ਦਰਿਆ ਬਿਆਸ ਦੇ ਕਿਨਾਰੇ ਇਕ ਸਾਫ਼-ਸੁਥਰੇ ਸੁੰਦਰ ਨਗਰ ਗੋਇੰਦਵਾਲ ਸਾਹਿਬ ਨੂੰ ਵਸਾ ਕੇ ਇਥੇ 84 ਪੌੜੀਆਂ ਵਾਲੀ ਬਾਉਲੀ ਸਾਹਿਬ ਬਣਵਾਈ। ਗੋਇੰਦਵਾਲ ਸਾਹਿਬ ਸਿੱਖ ਜਗਤ ਦਾ ਪ੍ਰਥਮ ਤੀਰਥ ਅਸਥਾਨ ਅਤੇ ਸਿੱਖੀ ਦਾ ਕੇਂਦਰ ਬਣਿਆ। ਆਪ ਦੇ ਆਦੇਸ਼ ਅਨੁਸਾਰ ਇਥੇ ਹਰ ਰੋਜ਼ ਤਾਜ਼ਾ ਲੰਗਰ ਤਿਆਰ ਹੁੰਦਾ ਸੀ। ਬਲਵਾਨ ਆਤਮਾ, ਬਲਵਾਨ ਮਾਨਸਿਕਤਾ ਅਤੇ ਬਲਵਾਨ ਸਰੀਰਾਂ ਦੇ ਨੇੜੇ ਰੋਗ, ਸੋਗ ਢੁਕ ਨਹੀਂ ਸਕਦੇ। ਸ੍ਰੀ ਗੋਇੰਦਵਾਲ ਸਾਹਿਬ ਦੀ ਸ਼ੋਭਾ ਬਾਬਤ ਭਾਈ ਗੁਰਦਾਸ ਲਿਖਦੇ ਹਨ-

ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।

ਸ੍ਰੀ ਗੋਇੰਦਵਾਲ ਅਤੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਆਪ ਨੇ ਇਕ ਮਹਾਨ ਸਿੱਖ ਕੇਂਦਰ ਸਥਾਪਿਤ ਕੀਤਾ। ਆਪ ਨੇ ਹੁਕਮ ਕੀਤਾ ਕਿ ਉਨ੍ਹਾਂ ਨੂੰ ਮਿਲਣ ਆਉਣ ਤੋਂ ਪਹਿਲਾਂ ਹਰ ਇਕ ਦਾ ਲੰਗਰ ਛਕਣਾ ਜ਼ਰੂਰੀ ਹੈ। ਗੁਰ ਕੇ ਲੰਗਰ ਵਿਚ ਸਭ ਜਾਤਾਂ ਅਤੇ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਇਕ ਪੰਗਤ ਵਿਚ ਬੈਠ ਕੇ ਛਕਦੇ ਸਨ। ਇਕ ਵਾਰ ਅਕਬਰ ਬਾਦਸ਼ਾਹ ਵੀ ਨੰਗੇ ਪੈਰੀਂ ਚੱਲ ਕੇ ਗੁਰੂ ਦਰਬਾਰ ਵਿਚ ਆਇਆ ਅਤੇ ਸ਼ਰਧਾ ਸਹਿਤ ਲੰਗਰ ਛਕ ਕੇ ਗੁਰੂ ਜੀ ਦੇ ਦਰਸ਼ਨ ਕੀਤੇ।

ਗੁਰੂ ਸਾਹਿਬ ਜੀ ਨੇ ਵਿਸਾਖੀ ਮੌਕੇ ਸੰਗਤਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਇਕੱਠੇ ਹੋਣ ਦਾ ਆਦੇਸ਼ ਦਿੱਤਾ। ਆਪ ਨੇ ਉੱਚੀ ਕਰਨੀ ਵਾਲੇ ਗੁਰਸਿੱਖਾਂ ਨੂੰ ਪ੍ਰਚਾਰਕ ਥਾਪ ਕੇ ਦੂਰ ਦੁਰੇਡੇ ਥਾਵਾਂ 'ਤੇ ਗੁਰਮਤਿ ਦੇ ਅਸੂਲਾਂ ਦਾ ਪਸਾਰ ਕਰਨ ਲਈ ਭੇਜਿਆ। ਇਨ੍ਹਾਂ ਉੱਤਮ ਬਾਈ ਮੰਜੀਦਾਰਾਂ ਦੇ ਨਾਂਅ ਸ੍ਰੀ ਗੋਇੰਦਵਾਲ ਸਾਹਿਬ ਵਿਚ ਇਕ ਸੋਨੇ ਦੇ ਪੱਤਰੇ ਉੱਤੇ ਲਿਖੇ ਹੋਏ ਹਨ ਜੋ ਇਸ ਪ੍ਰਕਾਰ ਹਨ-ਅੱਲਾਯਾਰ, ਸੱਚਨ ਸੱਚ, ਸਾਧਾਰਣ, ਸਾਵਣ ਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਣਕਚੰਦ, ਮਾਈਦਾਸ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ। ਇਨ੍ਹਾਂ ਵਿਚੋਂ ਮੁਰਾਰੀ ਦਾ ਪਹਿਲਾ ਨਾਂਅ ਪ੍ਰੇਮਾ ਸੀ ਅਤੇ ਉਹ ਕੁਸ਼ਟ ਰੋਗ ਨਾਲ ਪੀੜਤ ਸੀ। ਤੀਸਰੇ ਪਾਤਸ਼ਾਹ ਜੀ ਨੇ ਉਸ ਦਾ ਰੋਗ ਦੂਰ ਕਰਕੇ ਉਸ ਦਾ ਨਾਂਅ ਮੁਰਾਰੀ ਰੱਖਿਆ ਅਤੇ ਸ਼ੀਹਾਂ ਉੱਪਲ ਨਾਮੀ ਸਿੱਖ ਦੀ ਲੜਕੀ ਨਾਲ ਉਸ ਦਾ ਵਿਆਹ ਕਰਕੇ 'ਮੱਖੋ ਮੁਰਾਰੀ' ਦੀ ਜੋੜੀ ਨੂੰ ਵਿਸ਼ੇਸ਼ ਅਸੀਸਾਂ ਨਾਲ ਨਿਵਾਜਿਆ।

ਆਪ ਨੇ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਦੂਰ ਕੀਤੀ। ਆਪ ਦੀ ਭਗਤੀ ਅਤੇ ਸਿੱਖਿਆ ਦਾ ਪ੍ਰਕਾਸ਼ ਦੂਰ-ਦੂਰ ਤੱਕ ਫੈਲ ਗਿਆ। ਆਪ ਨੇ ਪਰਉਪਕਾਰ, ਨੇਕੀ, ਮਿਠਾਸ ਅਤੇ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ। ਆਪ ਸਹਿਣਸ਼ੀਲਤਾ, ਖਿਮਾ, ਕਰੁਣਾ ਅਤੇ ਨਿਰਮਾਣਤਾ ਦੀ ਤਸਵੀਰ ਸਨ। ਆਪ ਦੀ ਮਹਿਮਾ ਨੂੰ ਬਰਦਾਸ਼ਤ ਨਾ ਕਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਭਾਈ ਦਾਤੂ ਨੇ ਇਕ ਵਾਰ ਭਰੀ ਸਭਾ ਵਿਚ ਆ ਕੇ ਆਪ ਦੇ ਬਿਰਧ ਸਰੀਰ ਨੂੰ ਲੱਤ ਮਾਰੀ। ਆਪ ਕੰਬਦੇ ਹੋਏ ਸਿੰਘਾਸਣ ਤੋਂ ਡਿੱਗ ਪਏ ਅਤੇ ਕਿਹਾ ਕਿ ਮੇਰਾ ਸਰੀਰ ਤਾਂ ਬਜ਼ੁਰਗੀ ਅਤੇ ਕਠਿਨ ਘਾਲਣਾ ਕਰਕੇ ਸਖ਼ਤ ਹੋਇਆ ਪਿਆ ਹੈ, ਤੁਹਾਡੇ ਕੋਮਲ ਚਰਨ ਨੂੰ ਮੇਰੇ ਸਰੀਰ ਨਾਲ ਟਕਰਾ ਕੇ ਸੱਟ ਵੱਜੀ ਹੋਣੀ ਹੈ। ਇਹ ਸ਼ਬਦ ਸੁਣ ਕੇ ਭਾਈ ਦਾਤੂ ਜੀ ਸ਼ਰਮਿੰਦੇ ਹੋਏ ਅਤੇ ਚਰਨਾਂ ਵਿਚ ਡਿੱਗ ਕੇ ਮੁਆਫ਼ੀ ਮੰਗੀ। ਉਸੇ ਰਾਤ ਆਪ ਬਾਸਰਕੇ ਵਿਖੇ ਇਕ ਇਕਾਂਤ ਕੋਠੇ ਵਿਚ ਜਾ ਬਿਰਾਜੇ ਅਤੇ ਦਰਵਾਜ਼ੇ 'ਤੇ ਲਿਖ ਕੇ ਲਗਾ ਦਿੱਤਾ ਕਿ ਜੋ ਵੀ ਇਥੇ ਆ ਕੇ ਦਰਵਾਜ਼ਾ ਖੋਲ੍ਹੇਗਾ, ਮੈਂ ਲੋਕ ਪਰਲੋਕ ਵਿਚ ਉਸ ਦਾ ਸਹਾਈ ਨਹੀਂ ਹੋਵਾਂਗਾ। ਸੰਗਤਾਂ ਦੀ ਬਿਹਬਲਤਾ ਦੇਖਦੇ ਹੋਏ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਦੀ ਘੋੜੀ ਨੂੰ ਅੱਗੇ ਲਾ ਕੇ ਉਹ ਇਕਾਂਤ ਥਾਂ ਲੱਭ ਲਿਆ ਪਰ ਗੁਰੂ ਦਾ ਹੁਕਮ ਦੇਖ ਕੇ ਠਠੰਬਰ ਗਏ। ਫਿਰ ਆਪ ਨੇ ਇਕ ਜੁਗਤ ਵਰਤੀ ਅਤੇ ਕੋਠੇ ਦੇ ਪਿਛਲੇ ਪਾਸੇ ਸੰਨ੍ਹ ਲਾ ਕੇ ਅੰਦਰ ਗਏ ਅਤੇ ਮਹਾਰਾਜ ਜੀ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਦਯਾਵਾਨ ਪਾਤਸ਼ਾਹ ਜੀ ਨੇ ਪਸੀਜ ਕੇ ਸੰਗਤ ਨੂੰ ਦਰਸ਼ਨ ਦਿੱਤੇ ਅਤੇ ਵਰ ਦਿੱਤਾ ਕਿ ਜੋ ਕੋਈ ਸ਼ਰਧਾ ਧਾਰ ਕੇ ਇਸ ਸੰਨ੍ਹ ਵਿਚੋਂ ਲੰਘੇਗਾ, ਉਸ ਨੂੰ ਜਮ ਨਹੀਂ ਦੇਖ ਸਕਣਗੇ। ਅੱਜ ਵੀ ਇਸ ਅਸਥਾਨ 'ਤੇ ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਿਤ ਹੈ।

ਸਾਹਿਬ ਸ੍ਰੀ ਗੁਰੂ ਅਮਰਦਾਸ ਨੇ 'ਕੱਚੀ ਬਾਣੀ' ਅਤੇ 'ਸੱਚੀ ਬਾਣੀ' ਦਾ ਨਿਖੇੜਾ ਕੀਤਾ, ਊਚ ਨੀਚ ਅਤੇ ਛੂਤਛਾਤ ਦਾ ਖ਼ਾਤਮਾ ਕੀਤਾ, ਗ੍ਰਹਿਸਥ ਧਰਮ ਨੂੰ ਪ੍ਰਧਾਨਤਾ ਦਿੱਤੀ, ਸੰਨਿਆਸੀਆਂ, ਦਿਗੰਬਰਾਂ ਅਤੇ ਕਰਮਕਾਂਡੀਆਂ ਨੂੰ ਨਾਮ ਬਾਣੀ ਅਤੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਸ੍ਰੀ ਆਨੰਦ ਸਾਹਿਬ ਦੀ ਬਾਣੀ ਆਪ ਜੀ ਦੀ ਸ਼ਾਹਕਾਰ ਰਚਨਾ ਹੈ, ਜਿਸ ਨੂੰ ਜਨਮ, ਮਰਨ, ਵਿਆਹ ਭਾਵ ਹਰ ਖ਼ੁਸ਼ੀ-ਗ਼ਮੀ ਦੇ ਮੌਕੇ 'ਤੇ ਪੜ੍ਹਿਆ ਜਾਂਦਾ ਹੈ। ਯੋਗ ਪਰਖ ਕਰਨ ਉਪਰੰਤ ਆਪ ਨੇ ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖ਼ਸ਼ੀ ਅਤੇ ਭਾਦਰੋਂ ਦੀ ਪੂਰਨਮਾਸ਼ੀ 1 ਸਤੰਬਰ, 1574 ਈ: ਨੂੰ ਜੋਤੀ ਜੋਤਿ ਸਮਾ ਗਏ।

ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ



ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਸ਼ਹਿਰ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸਬੰਧਤ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਡੇਹਰਾ ਸਾਹਿਬ ਜੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਵੱਲੋਂ ਵਰਸੋਈ ਕੰਧ ਜੋ ਕੇ ਅੱਜ ਵੀ ਗੁਰੂ ਜੀ ਦੀ ਬਖਸ਼ਿਸ਼ ਸਦਕਾ ਕਾਇਮ ਖੜ੍ਹੀ ਹੈ।

ਗੁਰਦੁਆਰਾ ਕੰਧ ਸਾਹਿਬ - ਬਟਾਲਾ ਸ਼ਹਿਰ ਪੰਜਾਬ ਦੇ ਮਸ਼ਹੂਰ ਸ਼ਹਿਰਾਂ ਵਿਚੋਂ ਇੱਕ ਹੈ, ਜਿਸ ਨਾਲ ਕਈ ਸਿੱਖੀ ਇਤਿਹਾਸ ਸਬੰਧਤ ਹਨ। ਬਟਾਲਾ ਦਾ ਸਿੱਖ ਇਤਿਹਾਸ ਵਿਚ ਵੀ ਇਕ ਵਿਸ਼ੇਸ਼ ਸਥਾਨ ਹੈ। ਇਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰੇ ਵੀ ਸਨ ਅਤੇ ਗੁਰੂ ਜੀ ਦੀ ਧਰਮ ਸੁਪਤਨੀ ਮਾਤਾ ਸੁਲੱਖਣੀ ਦਾ ਪੇਕਾ ਸ਼ਹਿਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਤ ਕਈ ਇਤਿਹਾਸਕ ਸਥਾਨ ਬਟਾਲਾ ਸ਼ਹਿਰ ਵਿਚ ਮੌਜੂਦ ਹਨ। ਇਨ੍ਹਾਂ ਥਾਵਾਂ ਵਿਚ ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਗੁਰਦੁਆਰਾ ਡੇਹਰਾ ਸਾਹਿਬ ਸ਼ਾਮਲ ਹਨ।

ਸੰਨ 1487 ਈ. ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੰਞ/ਬਰਾਤ ਲੈ ਕੇ ਆਪਣੇ ਸਹੁਰੇ ਪਰਿਵਾਰ ਦੇ ਘਰ ਪਹੁੰਚੇ ਸੀ ਤਾਂ ਬਰਾਤ ਦੇ ਸਵਾਗਤ ਲਈ ਘਰ ਤੋਂ ਬਾਹਰ ਹੀ ਪ੍ਰਬੰਧ ਕੀਤਾ ਗਿਆ ਹੈ। ਇਸ ਦੌਰਾਨ ਜੰਞ ਸਮੇਤ ਗੁਰੂ ਨਾਨਕ ਦੇਵ ਜੀ ਇਕ ਪਲੰਘ 'ਤੇ ਇੱਕ ਕੰਧ ਦੇ ਨੇੜੇ ਬੈਠੇ ਸੀ। ਮੀਂਹ ਦਾ ਮੌਸਮ ਹੋਣ ਕਾਰਨ ਇਲਾਕੇ ਦੀਆਂ ਕੁਝ ਕੁੜੀਆਂ ਨੇ ਸ਼ਰਾਰਤ ਕਰਦੇ ਹੋਏ ਇਸ ਕੰਧ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਉੱਤੇ ਸੁੱਟਣ ਦੀ ਵਿਉਂਤਬੰਦੀ ਬਣਾਈ। ਇਸ ਦੀ ਭਣਕ ਇਕ ਬਜ਼ੁਰਗ ਔਰਤ ਨੂੰ ਲੱਗੀ ਤਾਂ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਕੰਧ ਤੋਂ ਦੂਰ ਹੱਟ ਜਾਣ ਦੀ ਸਲਾਹ ਦਿੱਤੀ। ਬਜ਼ੁਰਗ ਵੱਲੋਂ ਦਿੱਤੀ ਇਸ ਸਲਾਹ 'ਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਕੰਧ ਕਦੇ ਵੀ ਨਹੀਂ ਡਿੱਗੇਗੀ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਮੌਜੂਦ ਰਹੇਗੀ।

ਮੌਜੂਦਾ ਸਮੇਂ ਵਿਚ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਚ ਇਹ ਕੰਧ ਇਸੇ ਤਰ੍ਹਾਂ ਹੀ ਮੌਜੂਦ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ਵਜੋਂ ਅੱਜ ਵੀ ਸੰਗਤ ਇਸ ਕੰਧ ਦੇ ਦਰਸ਼ਨ ਕਰਨ ਆਉਂਦੀਆਂ ਹਨ।

ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ - ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ ਬੀਬੀ ਸੁਲੱਖਣੀ ਜੀ ਨਾਲ ਸਬੰਧਤ ਹੈ। ਇਹ ਬੀਬੀ ਸੁਲੱਖਣੀ ਜੀ ਦਾ ਘਰ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਸੁਲੱਖਣੀ ਜੀ ਦੇ ਅਨੰਦ ਕਾਰਜ ਹੋਏ ਸੀ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਨਾਨਕ



ਦੇਵ ਜੀ ਨੇ ਰਿਵਾਇਤੀ ਢੰਗ ਨਾਲ ਫੇਰੇ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣਾ ਵਿਆਹ ਕਾਰਜ ਗੁਰੂ ਸ਼ਬਦ ਦੀ ਓਟ ਆਸਰਾ ਲੈ ਕੇ ਕਰਨ ਦੀ ਗੱਲ ਆਖੀ ਜਿਸ ਤੋਂ ਬਾਅਦ ਇਕ ਪੋਥੀ ਦੁਆਲੇ ਪਰਿਕਰਮਾ ਕਰਕੇ ਉਨ੍ਹਾਂ ਨੇ ਆਪਣਾ ਵਿਆਹ ਕਾਰਜ ਸੰਪੰਨ ਕਰਵਾਇਆ। ਅੱਜ ਵੀ ਸੰਗਤ ਦੂਰੋਂ-ਦੂਰੋਂ ਇਨ੍ਹਾਂ ਦੋਹਾਂ ਧਾਰਮਿਕ ਥਾਵਾਂ ਦੇ ਦਰਸ਼ਨ ਲਈ ਪਹੁੰਚਦੀਆਂ ਹਨ। ਇਸ ਥਾਂ 'ਤੇ ਇਕ ਅਜਾਇਬ ਘਰ ਵੀ ਮੌਜੂਦ ਹੈ, ਜੋ ਕਿ ਸੰਗਤ ਨੂੰ ਇਤਿਹਾਸ ਤੋਂ ਜਾਣੂੰ ਕਰਵਾਉਂਦਾ ਹੈ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਵੀ ਬਹੁਤ ਸ਼ਰਧਾ ਭਾਵਨਾ ਨਾਲ ਇਥੇ ਮਨਾਇਆ ਜਾਂਦਾ ਹੈ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਵਾਤਾਵਰਣ ਤੇ ਸਿਹਤ



ਵਾਤਾਵਰਣ ਦੇ ਲਫ਼ਜ਼ੀ ਅਰਥ ਹੁੰਦੇ ਨੇ ਆਲਾ-ਦੁਆਲਾ, ਚੌਗਿਰਦਾ, ਮਾਹੌਲ ਅਰਥਾਤ ਜਿੱਥੇ ਕਿੱਧਰੇ ਵੀ ਜੀਵ ਜੰਤੂ ਰਹਿੰਦੇ ਨੇ ਉੱਥੋਂ ਦਾ ਪੌਣ ਪਾਣੀ, ਰੁੱਖ, ਜੰਗਲ, ਭੋਂਏ, ਉਪਜ, ਸਨਅਤ ਤੇ ਹੋਰ ਜੋ ਵੀ ਜਾਨਵਰ ਖਾਸ ਕਰਕੇ ਅਤਿ ਵਿਕਸਿਤ ਜੀਵ ਮਨੁੱਖ ਨੇ ਸਿਰਜਿਆ ਏ ਉਹ ਸਾਰਾ ਕੁਝ ਵਾਤਾਵਰਣ ਜਾਂ ਚੌਗਿਰਦਾ ਅਖਵਾਉਂਦਾ ਏ। ਭਾਵੇਂ ਅਸੀਂ ਗੱਲ ਮਨੁੱਖੀ ਸਿਹਤ ਦੀ ਕਰਨੀ ਹੈ ਪਰ ਤੰਦਰੁਸਤੀ, ਰਿਸ਼ਟ-ਪੁਸ਼ਟ ਜਿਸਮ ਦਾ ਮੁੱਦਾ ਸਾਡੇ ਆਲੇ-ਦੁਆਲੇ ਦੇ ਹਾਲਾਤਾਂ ਨਾਲ ਘਿਓ ਖਿੱਚੜੀ ਵਾਂਗ ਜੁੜਿਆ ਹੋਇਆ ਹੈ। ਵਿਦਵਾਨਾਂ, ਸਿਆਣਿਆਂ ਨੇ ਸਿਹਤ ਦੀ ਪਰਿਭਾਸ਼ਾ ਦੇ ਵੀ ਜਿਹੜੇ ਪੰਜ ਪਸਾਰ ਗਿਣੇ ਨੇ ਉਨ੍ਹਾਂ ਵਿਚ ਵਾਤਾਵਰਣ ਦੀ ਅਹਿਮੀਅਤ ਦੂਜੇ ਸਾਰਿਆਂ ਨਾਲੋਂ ਜ਼ਿਆਦਾ ਹੈ। ਕੋਈ ਬੰਦਾ ਭਾਵੇਂ ਕਿੰਨਾਂ ਵੀ ਹੱਟਾ ਕੱਟਾ ਹੋਵੇ ਜੇਕਰ ਉਹ ਪਲੀਤ ਮਾਹੌਲ ਵਿਚ ਰਹਿ ਰਿਹਾ ਹੈ ਤਾਂ ਉਹਦੀ ਸਿਹਤ ਨੇ ਆਖਰਕਾਰ ਪ੍ਰਭਾਵਿਤ ਹੋਣਾ ਈ ਹੋਣਾ ਏ। ਵਿਗਿਆਨੀਆਂ ਦੀ ਸੋਚ ਹੈ ਕਿ ਤੰਦਰੁਸਤੀ ਦੇ ਅਰਥ ਸਿਰਫ਼ ਬਿਮਾਰੀਆਂ ਦੀ ਅਣਹੋਂਦ ਜਾਂ ਰਿਸ਼ਤ-ਪੁਸ਼ਟ ਹੋਣਾ ਈ ਨਹੀਂ ਸਗੋਂ ਇਹਦੇ ਮਾਅਨੇ ਨੇ ਜਿਸਮਾਨੀ, ਸਮਾਜੀ, ਮਾਨਸਿਕ, ਰੂਹਾਨੀ ਤੇ ਚੌਗਿਰਦੇ ਵਾਲੇ ਸਾਰੇ ਪੱਖਾਂ ਤੋਂ ਜਾਗਰੂਕ, ਚੇਤੰਨ, ਜ਼ਿੰਮੇਵਾਰ ਤੇ ਫ਼ਰਜ਼ ਸ਼ਨਾਸ਼ ਹੋਣਾ ਹੈ। ਜੇ ਤੁਸੀਂ ਖੁਦ ਬਿਮਾਰ ਜਾਂ ਰੋਗੀ ਨਹੀਂ ਵੀ ਪਰ ਆਪਣੇ ਘਰ ਦਾ ਗੰਦਾ ਪਾਣੀ ਸੜਕਾਂ-ਗਲੀਆਂ ਵਿਚ ਡੋਲ੍ਹਦੇ ਹੋ ਤੇ ਆਪਣਾ ਕੂੜਾ ਕਰਕਟ ਨਾਲ ਪਏ ਗੁਆਂਢੀਆਂ ਦੇ ਖਾਲੀ ਪਲਾਟ ਵਿਚ ਸੁੱਟਦੇ ਹੋ ਤਾਂ ਤੁਸੀਂ ਕਤਈ ਵੀ ਸਿਹਤਮੰਦ ਨਹੀਂ ਹੋ। ਤੁਸੀਂ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦੇ ਹੋ, ਹਮੇਸ਼ਾ ਢਹਿੰਦੀਆਂ ਕਲਾਂ ਵਿਚ ਰਹਿੰਦੇ ਹੋ, ਤੁਸੀਂ ਆਸ਼ਾਵਾਦੀ ਨਹੀਂ, ਭਲੇ-ਬੁਰੇ ਤੇ ਖਰੇ-ਖੋਟੇ ਦੀ ਤਮੀਜ਼ ਨਹੀਂ ਰੱਖਦੇ, ਹਵਾ ਪਾਣੀ ਤੇ ਮਾਂ ਧਰਤੀ ਦੀ ਕਦਰ ਨਹੀਂ ਕਰਦੇ ਤਾਂ ਵੀ ਤੁਸੀਂ ਸਿਹਤਮੰਦ ਅਖਵਾਉਣ ਦੇ ਹੱਕਦਾਰ ਨਹੀਂ। ਅੱਜ ਨਹੀਂ ਤਾਂ ਕੱਲ ਤੁਸੀਂ ਖੁਦ ਤੇ ਤੁਹਾਡੇ ਅੰਗ ਸਾਕ ਲਾਜ਼ਮੀ ਤੌਰ 'ਤੇ ਕਿਸੇ ਨਾ ਕਿਸੇ ਖਤਰਨਾਕ ਮਾਰੂ ਰੋਗ ਦੇ ਸ਼ਿਕਾਰ ਹੋ ਸਕਦੇ ਹੋ।

Er. Baljit Singh Bhagtana Dy.C.E. Vice President BMSLF Chd. 96461-00529



ਬੇਸ਼ੱਕ ਵਾਤਾਵਰਣ ਵਿਚ ਸਮੁੱਚੀ ਕਾਇਨਾਤ ਈ ਆ ਜਾਂਦੀ ਹੈ ਪਰ ਅਸੀਂ ਏਨਾਂ ਖਲਾਰਾ ਪਾ ਕੇ ਸਮੇਟ ਨਹੀਂ ਸਕਦੇ ਸੋ ਅਸੀਂ ਗੱਲ ਸਿਰਫ਼ ਆਪਣੀਆਂ ਰਹਿਣ ਥਾਵਾਂ ਤੀਕਰ ਈ ਮਹਿਦੂਦ ਰੱਖਾਂਗੇ। ਇਨਸਾਨੀ ਜੀਵਨ ਦਾ ਆਧਾਰ ਹੀ ਵਾਤਾਵਰਣ ਹੈ। ਲੱਖਾਂ ਕਰੋੜਾਂ ਸਾਲਾਂ ਦੇ ਬ੍ਰਹਿਮੰਡੀ ਇਤਿਹਾਸ ਵਿਚ ਮਨੁੱਖ ਤੇ ਉਸ ਤੋਂ ਪਹਿਲਾਂ ਏਥੇ ਵਿਚਰਦੇ ਜੀਵਾਂ ਦੀ ਹੋਂਦ ਤਾਂ ਹੀ ਸੰਭਵ ਹੋ ਸਕੀ ਜਦੋਂ ਵਾਤਾਵਰਣ ਦੀਆਂ ਹਾਲਤਾਂ ਜੀਣ ਲਈ ਅਨੁਕੂਲ ਹੋਈਆਂ। ਜਿਵੇਂ ਹਵਾ ਵਿਚ ਆਕਸੀਜਨ ਦੀ ਮਿਕਦਾਰ, ਸੂਰਜ ਦੀਆਂ ਜ਼ਹਿਰੀਲੀਆਂ ਕਿਰਨਾਂ ਦੀ ਰੋਕਥਾਮ, ਜੀਵਨ ਦਾ ਮੂਲ ਸ੍ਰੋਤ ਪਾਣੀ, ਰੁੱਖਾਂ-ਜੰਗਲਾਂ ਦੀ ਹਰਿਆਵਲ, ਕੁਦਰਤੀ ਆਫ਼ਤਾਂ ਤੋਂ ਬਚਣ ਦੇ ਢੰਗ, ਅੱਗ ਦੀ ਵਰਤੋਂ ਤੇ ਖਾਣ-ਪੀਣ ਦੀ ਸੂਝ-ਬੂਝ ਜਦੋਂ ਅਸਾਂ ਸਿੱਖ ਲਈ। ਇਹ ਸਾਰਾ ਗਿਆਨ ਸਾਡੀਆਂ ਸਿਹਤਾਂ ਲਈ ਲਾਹੇਵੰਦਾਂ ਸਾਬਤ ਹੋ ਕੇ ਲੱਖਾਂ-ਹਜ਼ਾਰਾਂ ਵਰ੍ਹਿਆਂ ਤੀਕਰ ਸਾਨੂੰ ਤੰਦਰੁਸਤ ਰੱਖਣ ਤੇ ਕੁਦਰਤ ਨਾਲ ਇਕਸੁਰ ਹੋ ਕੇ, ਤਾਲਮੇਲ ਬਿਠਾ ਕੇ ਕੁਦਰਤ ਦਾ ਸਤਿਕਾਰ ਕਰਦਿਆਂ ਭਰਪੂਰ ਜ਼ਿੰਦਗੀਆਂ ਜੀਣ ਦਾ ਆਧਾਰ ਬਣਿਆ।



ਕਹਿੰਦੇ ਨੇ ਵਿਕਾਸ ਤੇ ਵਿਨਾਸ਼ ਦਾ ਆਪਸੀ ਰਿਸ਼ਤਾਬੜਾ ਗੂੜ੍ਹਾ ਏ। ਸਾਡੇ ਵਡੇਰੇ ਜਿਓਂ-ਜਿਓਂ ਅਖਾਉਤੀ

ਵਿਕਾਸ ਦੀਆਂ ਪੌੜੀਆਂ ਚੜ੍ਹਦੇ ਗਏ ਸਾਡੀ ਜਿਸਮਾਨੀ ਸਿਹਤ ਦਾ ਵਿਨਾਸ਼, ਬੀਮਾਰੀਆਂ, ਮਹਾਂਮਾਰੀਆਂ, ਕੁਦਰਤੀ ਆਫ਼ਤਾਂ, ਦੁਰਘਟਨਾਵਾਂ ਹੋਰ ਵੀ ਵੱਧ ਜ਼ੋਰ-ਸ਼ੋਰ ਤੇ ਸ਼ਿੱਦਤ ਨਾਲ ਵਾਪਰਦੀਆਂ ਰਹੀਆਂ। ਅਸਲ ਵਿਚ ਜਦੋਂ ਵੀ ਵਿਕਾਸ ਆਪ ਹੁਦਰੇ ਢੰਗਾਂ, ਤਰੀਕਿਆਂ ਨਾਲ ਅੱਗੇ ਵਧਿਆ ਤਾਂ ਹਸ਼ਰ-ਅਜਾਬ ਦਾ ਦਰ ਅਜਿਹਾ ਖੁੱਲ੍ਹਿਆ ਕਿ ਲੱਖਾਂ ਜਾਨਾਂ ਏਸ ਅਖਾਉਤੀ ਵਿਕਾਸ ਦੀ ਭੇਂਟ ਚੜ੍ਹ ਗਈਆਂ। ਮਨੁੱਖ ਨੇ ਜਦੋਂ ਜੰਗਲ, ਰੁੱਖ ਕੱਟ ਕੇ ਵਾਹੀ ਬੀਜੀ ਸ਼ੁਰੂ ਕੀਤੀ ਤਾਂ ਕਦੀ ਡੋਬਿਆਂ ਤੇ ਕਦੀ ਸੋਕਿਆਂ ਨੇ ਉਹਨੂੰ ਆ ਘੇਰਿਆ। ਜਦੋਂ ਦਰਿਆਵਾਂ ਕੰਢੇ ਬੜੇ ਵੱਡੇ-ਵੱਡੇ ਸ਼ਹਿਰ ਗਿਰਾਂ ਵੱਸ ਗਏ ਤਾਂ ਹੈਜਾ, ਦਸਤ, ਮਰੋੜ ਤੇ ਪਲੇਗ ਵਰਗੀਆਂ ਬੀਮਾਰੀਆਂ ਨੇ ਉਹਨੂੰ ਆਪਣੀ ਜਕੜ ਵਿਚ ਲੈ ਲਿਆ। ਵਗਦੇ ਪਾਣੀਆਂ ਨੂੰ ਜਦੋਂ ਵੀ ਬੇਲੋੜੇ ਬੰਨ੍ਹ ਮਾਰ ਕੇ ਠੱਲ੍ਹਣ ਦੀ ਕੋਸ਼ਿਸ਼ ਕੀਤੀਗਈ ਤਾਂ ਮਲੇਰੀਏ ਤੇ ਪੀਲੀਏ ਵਰਗੇ ਮਾਰੂ ਰੋਗ ਹੱਥ ਧੋ ਕੇ ਪਿੱਛੇ ਪੈ ਗਏ। ਖਾਧ ਖੁਰਾਕ ਦੀ ਘਾਟ, ਵਸੋਂ ਦੇ ਵਾਧੇ ਕਾਰਨ, ਸਾਧਨਾਂ ਸੋਮਿਆਂ ਦੀ ਕਾਣੀ ਵੰਡ ਅਤੇ ਵਿਉਂਤਬੰਦੀ ਦੀ ਘਾਟ ਕਾਰਨ ਜੰਗਾਂ-ਯੁੱਧਾਂ ਤੇ ਉਜਾੜਿਆਂ ਦੇ ਰੂਪ ਵਿਚ ਸਾਨੂੰ ਸਿਹਤ ਦੇ ਪੱਖੋਂ ਮਾਰਾਂ ਪੈਂਦੀਆਂ ਰਹੀਆਂ। ਪਾਣੀ, ਹਵਾ, ਭੋਇੰ ਦੇ ਮੂਲ ਸੋਮਿਆਂ ਨੂੰ ਜਦੋਂ ਅਸੀਂ ਸਿਰਫ਼ ਆਪਣੇ ਵਾਸਤੇ ਹੀ ਰਾਖਵੇਂ ਕਰ ਲਿਆ ਤਾਂ ਕੁਦਰਤ ਦਾ ਸਮਤੋਲ, ਤਵਾਜਨ ਵਿਗੜ ਗਿਆ, ਖੁਰਾਕੀ ਸੰਗਲੀ ਦੀਆਂ ਕੜੀਆਂ ਟੁੱਟ-ਭੱਜ ਗਈਆਂ ਤਾਂ ਸਿੱਟੇ ਅੱਤ ਭਿਆਨਕ ਅਤੇ ਮਾਰੂ ਨਿਕਲੇ। ਦੁਨੀਆਂ ਦੇ ਇਤਿਹਾਸ ਵਿਚ ਜਿੰਨੀਆਂ ਵੀ ਪਲੇਗਾਂ, ਹੈਜਾ, ਤਪਦਿਕ, ਪੀਲੀਆ, ਫਲੂ, ਲਿੰਗਕ ਰੋਗ ਤੇ ਚਮੜੀ ਦੀਆਂ ਬੀਮਾਰੀਆਂ ਦਾ ਵੱਡੀ ਪੱਧਰ ਤੇ ਫੈਲਣ ਦਾ ਜ਼ਿਕਰ ਮਿਲਦਾ ਏ ਉਹਦੇ ਪਿਛੋਕੜ ਵਿਚ ਮਨੁੱਖ ਵੱਲੋਂ ਕੁਦਰਤ ਦੀਆਂ ਨੇਹਮਤਾਂ ਦੀ ਕੁਵਰਤੋਂ ਤੇ ਦੁਰਵਰਤੋਂ ਤੋਂ ਸਿਵਾ ਹੋਰ ਕੁਝ ਵੀ ਨਹੀਂ।

ਵਾਤਾਵਰਣ ਸਿੱਧੇ ਅਤੇ ਅਸਿੱਧੇ ਤੌਰ 'ਤੇ ਮਨੁੱਖੀ ਸਿਹਤ 'ਤੇ ਅਸਰ ਪਾਉਂਦੇ ਰਹਿੰਦਾ ਏ। ਤੇਜ਼ ਗਰਮੀ, ਕੜਾਕੇਦਾਰ ਠੰਢ, ਬੇਹੱਦ ਸਿੱਲ੍ਹਾ ਮੌਸਮ, ਔੜ ਤੇ ਸੋਕਾ, ਹੜ੍ਹ, ਝੱਖੜ, ਹਨੇਰੀਆਂ ਦੇ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਅਸੀਂ ਸਾਰੇ ਜਾਣੂੰ ਹਾਂ। ਰੁੱਖਾਂ-ਜੰਗਲਾਂ ਦੀ ਅਣਹੋਂਦ, ਧੂੰਆਂ, ਘੱਟਾ-ਮਿੱਟੀ, ਜ਼ਹਿਰੀਲੀਆਂ ਗੈਸਾਂ, ਕਾਰਖਾਨਿਆਂ ਵਿਚੋਂ ਰਿਸਦੇ ਰਸਾਇਣਕ ਪਦਾਰਥ ਸਾਡੀ ਤੰਦਰੁਸਤੀ ਦਾ ਮਲੀਆ ਮੇਟ ਕਰ ਰਹੇ ਹਨ। ਘਰਾਂ, ਹਸਪਤਾਲਾਂ, ਸਕੂਲਾਂ, ਦਫ਼ਤਰਾਂ, ਦੁਕਾਨਾਂ, ਵਪਾਰਕ ਅਦਾਰਿਆਂ ਤੇ ਸਨਅਤੀ ਇਲਾਕਿਆਂ ਦਾ ਆਪੋ-ਆਪਣਾ ਅੱਡੋ-ਅੱਡ ਵਾਤਾਵਰਣ ਹੁੰਦਾ ਏ। ਉਹਦੇ ਪਲੀਤ ਹੋਣ ਨਾਲ ਮਨੁੱਖੀ ਸਿਹਤ ਵਿਚ ਅਨੇਕਾਂ ਵਿਗਾੜ ਪੈ ਸਕਦੇ ਨੇ। ਖੇਤੀਬਾੜੀ, ਪਸ਼ੂਪਾਲਣ, ਖੇਤੀ ਨਾਲ ਸੰਬੰਧਤ ਹੋਰ ਧੰਦੇ ਵੀ ਸਿਹਤ ਤੇ ਅਸਰ ਅੰਦਾਜ਼ ਹੁੰਦੇ ਨੇ। ਫ਼ਿਕਰ, ਚਿੰਤਾ, ਡਰ, ਭੱਜ-ਦੌੜ ਵਾਲਾ ਤੇ ਹਿੰਸਕ ਮਾਹੌਲ ਵੀ ਸਾਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਸਕਦਾ ਏ।

ਅਖਾਉਤੀ ਹਰੇ ਇਨਕਲਾਬ ਤੋਂ ਬਾਅਦ ਪੰਜਾਬੀਆਂ ਦੀ ਸਿਹਤ ਉੱਤੇ ਪਏ ਪ੍ਰਤੱਖ ਅਸਰ ਸਾਹਮਣੇ ਆਏ ਨੇ ਜਿਨ੍ਹਾਂ ਦਾ ਸਿੱਧਾ ਸਬੰਧ ਵਾਤਾਵਰਣ ਦੀ ਪਲੀਤੀ ਨਾਲ ਜੁੜਿਆ ਹੋਇਆ ਏ। ਕੀੜੇਮਾਰ ਦਵਾਈਆਂ, ਰਸਾਇਣਕ ਖਾਦਾਂ, ਦੋਗਲੇ ਬੀਜਾਂ ਦੀ ਵਰਤੋਂ ਵੱਡੀ ਪੱਧਰ ਉੱਤੇ 1970 ਤੋਂ ਬਾਅਦ ਸ਼ੁਰੂ ਹੋਈ। ਇਹ ਅਸਲ ਵਿਚ ਰਸਾਇਣਕ ਜ਼ਹਿਰਾਂ ਹਨ ਜਿਹੜੀਆਂ ਕੁਝ ਉੱਡ ਕੇ ਹਵਾ ਵਿਚ ਰਲ ਜਾਂਦੀਆਂ ਨੇ, ਕੁਝ ਹਿੱਸਾ ਪੌਦਿਆਂ ਦੀਆਂ ਜੜ੍ਹਾਂ-ਪੱਤਿਆਂ ਰਾਹੀਂ ਬੂਟਿਆਂ ਦੇ ਫਲਾਂ, ਅਨਾਜਾਂ, ਸ਼ਬਜ਼ੀਆਂ, ਦਾਲਾਂ ਦੇ ਦਾਣਿਆਂ ਵਿਚ ਚਲਾ ਜਾਂਦਾ ਹੈ। ਬਚਦਾ ਜ਼ਮੀਨ ਵਿਚ ਜ਼ੀਰ ਕੇ, ਜਜ਼ਬ ਹੋ



ਕੇ ਧਰਤੀ ਹੇਠਲੇ ਪਾਣੀ ਤੀਕਰ ਪਹੁੰਚ ਜਾਂਦਾ ਹੈ। ਏਸ ਪਾਣੀ ਤੱਕ ਪੁੱਜਣ ਲਈ 20-25 ਸਾਲ ਦਾ ਸਮਾਂ ਦਰਕਾਰ ਹੁੰਦਾ ਏ। ਇਨ੍ਹਾਂ ਰਸਾਇਣਕ ਜ਼ਹਿਰਾਂ ਦੀ ਮਿਕਦਾਰ ਮਨੁੱਖੀ ਸਰੀਰਾਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਏ। ਅਨਾਜ, ਫਲ, ਸਬਜ਼ੀਆਂ, ਸਾਗ ਤੇ ਚਾਰੇ ਉੱਤੇ ਸਿੱਧੇ ਰੂਪ ਵਿਚ ਅਸਰ ਕਰਦੀਆਂ ਨੇ। ਪਸ਼ੂਆਂ ਦੇ ਚਾਰੇ ਤੇ ਵੰਡ ਦੇ ਵਿਚ ਰਚੀਆਂ ਇਹ ਜ਼ਹਿਰਾਂ ਦੁੱਧ ਵਿਚ ਅੱਪੜ ਜਾਂਦੀਆਂ ਨੇ। ਇਵੇਂ ਈ ਮੁਰਗੀਆਂ ਦੀ ਖੁਰਾਕ ਵਿਚਲੇ ਰਸਾਇਣਕ ਜ਼ਹਿਰੀਲੇ ਪਦਾਰਥ ਆਂਡਿਆਂ ਅਤੇ ਮੀਟ ਵਿਚ ਚਲੇ ਜਾਂਦੇ ਨੇ। ਏਥੋਂ ਤੀਕਰ ਕਿ ਪੰਜਾਬਣ ਮਾਵਾਂ ਦੇ ਦੁੱਧ ਵਿਚ ਵੀ ਰਸਾਇਣਕ ਪਦਾਰਥਾਂ ਦੀ ਮਿਕਦਾਰ ਹੱਦ ਨਾਲੋਂ 50 ਗੁਣਾ ਤੀਕਰ ਵੱਧ ਗਈ ਏ। ਜਿਹੜੀਆਂ ਗੋਲੀਆਂ ਦਾਲਾਂ-ਅਨਾਜ ਨੂੰ ਸੁੱਸਰੀ ਢੋਰੇ ਤੋਂ ਬਚਾਉਣ ਲਈ ਡਰੱਮਾਂ ਵਿਚ ਰੱਖੀਆਂ ਜਾਂਦੀਆਂ ਨੇ ਉਹ ਵੀ ਸਾਡੀ ਖੁਰਾਕ ਕੜੀ ਵਿਚ ਦਾਖਲ ਹੋ ਜਾਂਦੀਆਂ ਨੇ। ਸਾਡੀਆਂ ਸਬਜ਼ੀਆਂ, ਦੁੱਧ, ਦਹੀਂ, ਖੋਆ, ਪਨੀਰ, ਮੀਟ, ਫਲ, ਅਨਾਜ, ਮਠਿਆਈਆਂ, ਗੱਲ ਕੀ ਸਾਰੇ ਦੇ ਸਾਰੇ ਖਾਣ ਵਾਲੇ ਪਦਾਰਥ ਪ੍ਰਦੂਸ਼ਣ ਦੀ ਮਾਰ ਹੇਠ ਆ ਕੇ ਸਿਹਤਾਂ ਖਰਾਬ ਕਰਨ ਲਈ ਜ਼ਿੰਮੇਵਾਰ ਨੇ।

ਹਵਾ ਜਿਸ ਵਿਚ ਸਾਡੇ ਲਈ ਕੁਦਰਤ ਦੀ ਅਨਮੋਲ ਦਾਤ 'ਆਕਸੀਜਨ' ਜੀਵਨ ਦੀ ਮੁੱਢਲੀ ਲੋੜ ਹੈ ਦੇ ਦੂਸ਼ਿਤ ਹੋਣ ਕਾਰਨ ਜ਼ਹਿਰੀਲੀ ਹੋ ਚੁੱਕੀ ਏ। ਨਾਈਟਰੋਜਨ ਤੇ ਸਲਫਰ ਦੀਆਂ ਜ਼ਹਿਰੀਲੀਆਂ ਗੈਸਾਂ ਜਿਨ੍ਹਾਂ ਦਾ ਸ੍ਰੋਤ ਮੋਟਰ-ਗੱਡੀਆਂ, ਕਾਰਖਾਨੇ, ਖਾਦਾਂ ਤੇ ਕੀਟਨਾਸ਼ਕ ਆਦਿ ਹਨ ਕਾਰਨ- ਸਾਡੇ ਫੇਫੜੇ, ਅੱਖਾਂ, ਜਿਗਰ ਤੇ ਦਿਲ ਉੱਤੇ ਅਸਰ ਪਾ ਰਹੀਆਂ ਨੇ। ਪਿਛਲੇ ਸਮੇਂ ਵਿਚ ਚਮੜੀ ਰੋਗਾਂ ਅਤੇ ਅਲਰਜੀ ਵਾਲੀਆਂ ਬੀਮਾਰੀਆਂ ਦੇ ਵਾਧੇ ਦਾ ਇਕ ਵੱਡਾ ਕਾਰਨ ਪ੍ਰਦੂਸ਼ਤਹਵਾ ਹੈ। ਪ੍ਰਦੂਸ਼ਣ ਤੇ ਵਾਤਾਵਰਣ ਦਾ ਗੰਧਲਾਪਣ, ਵਿਗਿਆਨਕ ਵਸਤਾਂ ਦੀ ਅਣਵਿਗਿਆਨਕ ਵਰਤੋਂ ਕਾਰਨ ਧਰਤੀ ਨੂੰ ਬੰਜਰ ਈ ਨਹੀਂ ਕਰ ਰਿਹਾ ਸਗੋਂ ਰਸਾਇਣਕ ਕਾਰਨਾਂ ਕਰਕੇ ਮਿੱਟੀ ਦੀ ਤਾਸੀਰ ਈ ਬਦਲੀ ਜਾ ਰਿਹਾ ਹੈ। ਸਾਨੂੰ ਚੀਚ ਵਹੁਟੀਆਂ, ਗੰਡੋਏ, ਡੱਡੂ ਤੇ ਅਨੇਕਾਂ ਜੀਵ-ਜੰਤੂਆਂ ਦੀ ਅਲੋਪ ਹੋਣ ਦੀ ਦਰ ਤੋਂ ਚੌਕੰਨੇ ਹੋ ਜਾਣਾ ਚਾਹੀਦਾ ਏ- ਕਿਧਰੇ ਆਦਮ ਦੀ ਜਾਤ ਦਾ ਹਸ਼ਰ ਵੀ ਉਨ੍ਹਾਂ ਵਾਲਾ ਈ ਹੋਣ ਵਾਲਾ ਤੇ ਨਹੀਂ!

ਨਿੱਘ, ਗਰਮੀ ਤੇ ਜੀਵਨ ਦਾ ਇਕ ਹੋਰ ਸੋਮਾ ਧੁੱਪ ਵੀ ਵਾਤਾਵਰਣ ਦੇ ਪਲੀਤੇ ਹੋਣ ਕਾਰਨ ਸਾਡੇ ਜਿਸਮਾਂ ਲਈ ਖਤਰਨਾਕ ਬਣਦੀ ਜਾ ਰਹੀ ਏ। ਜ਼ਹਿਰੀਲੀਆਂ ਗੈਸਾਂ ਕਾਰਨ ਹਵਾ ਦੀ ਬਣਤਰ ਬਦਲ ਰਹੀ ਹੈ ਤੇ ਸੂਰਜ

ਦੀਆਂ ਜ਼ਹਿਰੀ ਕਿਰਨਾਂ ਤੋਂ ਬਚਾਉਣ ਵਾਲੀ ਓਜ਼ੋਨ ਛਤਰੀ ਵਿਚ ਸਾਡੀ ਖੁਦਗਰਜ਼ ਨਸਲ ਨੇ ਮਘੋਰੇ ਕਰਕੇ ਚਮੜੀ ਦੇ ਕੈਂਸਰ, ਅੱਖਾਂ ਤੇ ਖ਼ੂਨ ਦੀਆਂ ਬੀਮਾਰੀਆਂ ਨੂੰ ਨਿਉਂਦਾ ਦੇ ਦਿੱਤਾ ਏ। ਇਨਫਰਾ ਰੈਡ ਤੇ ਅਲਟਰਾ ਵਾਇਓਲਿਟ ਕਿਰਨਾਂ ਬਿਨਾਂ ਕਿਸੇ ਰੋਕ ਟੋਕ ਤੋਂ ਸਾਡੀਆਂ ਸਿਹਤਾਂ ਨੂੰ ਵਿਗਾੜ ਰਹੀਆਂ ਨੇ।

ਪੰਜਾਬ ਵਿਚ ਈ ਜੇਕਰ ਪਿਛਲੇ ਸਿਰਫ਼ ਤੀਹ ਕੁ ਸਾਲਾਂ ਦੇ ਸਮੇਂ 'ਤੇ ਈ ਝਾਤੀ ਮਾਰੀਏ ਤਾਂ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਈ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ਼ ਕੰਨਾਂ 'ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗ਼ੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਵਾਤਾਵਰਣ ਦੇ ਗੰਧਲੇਪਣ ਦਾ ਕਾਰਨ ਭਾਵੇਂ ਸਾਡੀਆਂ ਭੋਗਵਾਦੀ ਰੁਚੀਆਂ ਨੂੰ ਈ ਮੰਨਿਆ ਜਾ ਰਿਹਾ ਹੈ ਪਰ ਅਸਲ ਵਿਚ ਧਨਵਾਨ ਮੁਲਕਾਂ, ਵੱਡੀਆਂ-ਵੱਡੀਆਂ ਕੌਮਾਂਤਰੀ ਵਪਾਰਕ ਕਾਰਪੋਰੇਸ਼ਨਾਂ, ਖੋਹ ਖਿੰਝ ਵਾਲੇ ਨਿਜ਼ਾਮ ਤੇ ਸਾਇੰਸ ਦੀ ਕੁਵਰਤੋਂ ਇਹਦਾ ਪਿਛੋਕੜ ਏ। ਮਨੁੱਖ ਸਿਰਫ਼ ਆਪਣੇ-ਆਪ ਤੋਂ ਅਗਾਂਹ ਵੇਖਣ ਤੋਂ ਮੁਨਕਰ ਹੋ ਕੇ ਸਮੁੱਚੇ ਮਨੁੱਖੀ ਭਾਈਚਾਰੇ, ਜੀਵ-ਜੰਤੂਆਂ ਦੀ ਦੁਨੀਆਂ ਤੇ ਕਾਇਨਾਤ ਦਾ ਮੁੱਲਵਾਨ ਤੇ ਸੂਝ-ਸਮਝ ਵਾਲਾ ਹਿੱਸਾ ਬਨਣ ਦੀ ਥਾਂ ਉਹਦੇ ਉੱਤੇ ਆਪਣੀ ਸਿੱਕਦਾਰੀ ਕਾਇਮ ਕਰਨ ਦੇ ਆਹਰ ਵਿਚ ਲੀਹੋਂ ਲੱਥ ਗਿਆ ਹੈ। ਉਹ ਆਪਣੀ ਸਿਹਤ ਦੀ ਬੇਹਤਰੀ ਤੇ ਵਿਕਾਸ ਨੂੰ ਭੁੱਲ ਕੇ ਤਬਾਹੀ ਵਾਲੇ ਰਾਹੇ ਤੁਰ ਪਿਆ ਹੈ।

ਸਿਹਤ ਸੰਭਾਲ ਲਈ ਇਹ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ-ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਸਾਕਾਦਾਰੀ ਤੋੜਦੇ ਰਵ੍ਹਾਂਗੇ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕਦਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿਥੇ ਸਾਡਾ ਆਲ੍ਹਣਾ ਏ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ 'ਤੇ ਮੈਦਾਨ ਵਿਚ ਨਿਤਰਨਾ ਪੈਣਾ ਏ। ਰੁੱਖਾਂ, ਜੰਗਲਾਂ ਹੇਠ ਰਕਬੇ ਦਾ ਵਾਧਾ ਭਾਵੇਂ ਸਾਡੀ ਲੋੜ ਏ ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖ ਰਹੇ ਹੋਵਾਂਗੇ। ਸਾਡੇ ਬਾਬੇ ਆਖ ਗਏ ਨੇ-

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੁਤ।
ਦਿਵਸ ਰਾਤ ਦੋਇ ਦਾਈ ਦਾਇਆ ਖੇਲੈ ਸਗਲੁ ਜਗਤੁ॥

ਵਾਤਾਵਰਣ ਵਿਚ ਵਾਪਰ ਰਹੀਆਂ ਤਬਦੀਲੀਆਂ ਸਾਨੂੰ ਏਡਜ਼, ਵਾਇਰਸ ਰੋਗ, ਹੈਪਾਟਾਈਟਸ ਕੈਂਸਰ, ਤਪਦਿਕ ਵਰਗੇ ਅਤਿ ਭਿਆਨਕ ਰੋਗਾਂ ਵੱਲ ਬੜੇ ਜ਼ੋਰ-ਸ਼ੋਰ ਨਾਲ ਧੱਕ ਰਹੀਆਂ ਨੇ। ਅਸਾਂ ਆਪ ਈ ਜੀਣਾ ਤੇ ਸਿਹਤਮੰਦ ਨਹੀਂ ਰਹਿਣਾ, ਨਾਲੋ-ਨਾਲ ਸਮੁੱਚੇ ਜਲ-ਥਲ ਦੇ ਜੀਵਾਂ, ਪਸ਼ੂ-ਪੰਛੀਆਂ, ਡੱਡੂਆਂ-ਮੱਛੀਆਂ ਨੂੰ ਜੀਣ ਦੇਣਾ ਹੈ। ਇਹ ਤਾਂ ਈ ਸੰਭਵ ਹੋ ਸਕੇਗਾ ਜੇ ਅਸਾਂ ਮਾਂ ਧਰਤੀ ਦਾ ਆਦਰ-ਸਤਿਕਾਰ ਕਰਦਿਆਂ ਹੋਇਆਂ, ਆਪਣੀਆਂ ਭੋਗਵਾਦੀ ਰੁਚੀਆਂ ਨੂੰ ਲਗਾਮ ਦੇ ਕੇ ਰੱਖਦਿਆਂ ਹੋਇਆਂ ਏਸ ਸਹਾਵੀ ਧਰਤ ਨੂੰ ਸਰਬਤ ਦੇ ਭਲੇ ਲਈ ਤੇ ਸਿਹਤਮੰਦ ਵਸੇਬੇ ਲਈ ਸਾਂਭ ਕੇ ਰੱਖਾਂਗੇ।

● ● ●

ਜ਼ਰੂਰੀ ਬੇਨਤੀ


ਬਹੁਤ ਹੀ ਸਤਿਕਾਰ ਸਹਿਤ ਬੇਨਤੀ ਹੈ ਕਿ ਪੰਜਾਬ, ਹਰਿਆਣਾ, ਦਿੱਲੀ, ਨਵੀਂ ਦਿੱਲੀ, ਜੰਮੂ-ਕਸ਼ਮੀਰ ਅਤੇ ਹੋਰ ਭਾਰਤੀ ਪ੍ਰਾਂਤਾਂ ਅਤੇ ਦੇਸ਼-ਵਿਦੇਸ਼ ਵਿਚ ਜਿੱਥੇ-ਜਿੱਥੇ ਕੋਈ ਲੁਬਾਣਾ ਬਰਾਦਰੀ ਦੇ ਨਾਮ ਨਾਲ ਬਰਾਦਰੀ ਦੀ ਭਲਾਈ ਆਦਿ ਲਈ ਲੁਬਾਣਾ ਸੰਗਤ ਵੱਲੋਂ ਸੰਸਥਾਵਾਂ ਬਣਾਈਆਂ ਗਈਆਂ ਹਨ, ਕ੍ਰਿਪਾ ਕਰਕੇ ਉਹ ਆਪਣੀ ਸੰਸਥਾ ਦਾ ਨਾਮ, ਪੂਰਾ ਪਤਾ, ਮੋਬਾਇਲ ਨੰਬਰ ਆਦਿ ਅਤੇ ਜੇਕਰ ਰਜਿਸਟਰਡ ਹੈ ਤਾਂ ਰਜਿਸਟਰੇਸ਼ਨ ਸਰਟੀਫਿਕੇਟ ਦੀ ਕਾਪੀ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕੀਤੀ ਕਰਨ ਤਾਂ ਜੋ ਬਰਾਦਰੀ ਦੇ ਸਰਬਪੱਖੀ ਵਿਕਾਸ ਲਈ ਸਾਂਝੇ ਯਤਨ ਆਰੰਭੇ ਜਾ ਸਕਣ।

ਪਤਾ - ਜਨਰਲ ਸਕੱਤਰ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਧੰਨਵਾਦ ਸਹਿਤ
ਬਲਦੇਵ ਸਿੰਘ ਮੁੰਦਰ
ਪ੍ਰੋਜੈਕਟ ਨਿਰਦੇਸ਼ਕ ਅਤੇ ਸੀਨੀਅਰ ਵਾਈਸ ਪ੍ਰੈਜੀਡੈਂਟ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ
ਮੋ. 094171-45424

ਸਿੱਖ ਸਖ਼ਸ਼ੀਅਤ

ਸਿਰਮੌਰ ਸਖ਼ਸ਼ੀਅਤ ਭਾਈ ਕਾਹਨ ਸਿੰਘ ਨਾਭਾ



ਭਾਈ ਕਾਹਨ ਸਿੰਘ ਨਾਭਾ (1861-1938) - ਭਾਈ ਕਾਹਨ ਸਿੰਘ ਸਿੱਖ ਧਰਮ ਦੇ ਇਕ ਮਹਾਨ ਵਿਦਵਾਨ, ਉਚਕੋਟੀ ਦੇ ਪ੍ਰਤਿਭਾਸ਼ੀਲ ਵਿਅਕਤੀ, ਕੋਸ਼ਕਾਰ ਅਤੇ ਵਿਸ਼ਵ-ਕੋਸ਼ਕਾਰ ਸਨ। ਉਨ੍ਹਾਂ ਨੇ ਕੋਈ ਰਸਮੀ ਵਿਦਿਆ ਪ੍ਰਾਪਤੀ ਨਹੀਂ ਕੀਤੀ ਪਰੰਤੂ ਗਿਆਨ ਦੇ ਬਹੁਤ ਸਾਰੇ ਖੇਤਰਾਂ ਦਾ ਅਧਿਐਨ ਕੀਤਾ। ਦਸ ਸਾਲ ਦੀ ਉਮਰ ਵਿਚ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਤੁਕਾਂ ਦਾ ਬਿਨਾਂ ਰੋਕ ਟੋਕ ਦੇ ਹਵਾਲੇ ਦੇ ਸਕਦੇ ਸਨ। ਉਨ੍ਹਾਂ ਨੇ ਧਰਮ, ਵਿਆਕਰਣ, ਨਿਆਏ ਅਤੇ ਵੇਦਾਂਤਾ ਆਦਿ ਦਾ ਅਧਿਐਨ ਕੀਤਾ ਅਤੇ ਫ਼ਾਰਸੀ ਦੀ ਸਿਖਿਆ ਗਿਆਨੀ ਸੰਤ ਸਿੰਘ ਕੋਲੋਂ ਪ੍ਰਾਪਤ ਕੀਤੀ ਜਦ ਕਿ ਭਾਈ ਭੂਪ ਨੇ ਉਨ੍ਹਾਂ ਨੂੰ ਪੰਜਾਬੀ ਅਤੇ ਸਿੱਖ ਗ੍ਰੰਥਾਂ ਬਾਰੇ ਜਾਣਕਾਰੀ ਦਿੱਤੀ। ਕਾਵਿ ਸ਼ਾਸਤਰ ਦਾ ਅਧਿਐਨ ਉਨ੍ਹਾਂ ਨੇ ਗਵਾਲ ਪਾਸੋਂ ਕੀਤਾ ਅਤੇ ਸੰਗੀਤ ਦਾ ਅਭਿਆਸ ਸੰਤ ਗੱਜਾ ਸਿੰਘ ਜੀ ਪਾਸੋਂ ਕੀਤਾ। ਇਹ ਭਾਰਤ ਦੇ ਚੋਣਵੇਂ ਤਾ ਊਸ ਦੇ ਮਾਹਿਰ ਹੋਏ ਹਨ। ਉਨ੍ਹਾਂ ਨੇ ਸੰਸਕ੍ਰਿਤ ਅਤੇ ਅੰਗਰੇਜ਼ੀ ਦਾ ਲੋੜੀਂਦਾ ਗਿਆਨ ਵੀ ਪ੍ਰਾਪਤ ਕੀਤਾ।

ਭਾਈ ਕਾਹਨ ਸਿੰਘ ਨੇ ਧਰਮ-ਸ਼ਾਸ਼ਤਰ 'ਤੇ ਕਿਤਾਬਾਂ ਲਿਖੀਆਂ ਜਿਹਦੇ ਵਿਚ 'ਗੁਰਮਤ ਪਰਭਾਕਰ' ਅਤੇ 'ਗੁਰਮਤ ਸੁਧਾਕਰ' ਸ਼ਾਮਲ ਹਨ। ਪਰੰਤੂ ਭਾਈ ਕਾਹਨ ਸਿੰਘ ਦੀ ਮਹਾਨ ਦੇਣ 3338 ਸਫ਼ਿਆਂ ਵਾਲਾ ਚਾਰ ਜਿਲਦਾਂ ਵਿਚ 'ਮਹਾਨ ਕੋਸ਼' ਸੀ ਜਿਹੜਾ ਹੁਣ ਤੱਕ ਸਿੱਖ ਧਰਮ ਅਤੇ ਪੰਜਾਬੀ ਸਭਿਆਚਾਰ ਦਾ ਇਕ ਨਿਰਣਾਇਕ ਗ੍ਰੰਥ ਮੰਨਿਆ ਜਾਂਦਾ ਹੈ। ਇਹ ਸਿੱਖ ਸਾਹਿਤ ਦਾ ਇਕ ਵਿਸ਼ਵ-ਕੋਸ਼ ਹੋਣ ਦੇ ਨਾਲ ਇਕ ਵਧੀਆ ਸ਼ਬਦਕੋਸ਼ ਵੀ ਹੈ ਜਿਸ 'ਤੇ ਭਾਈ ਸਾਹਿਬ ਨੇ ਪੰਦਰਾਂ ਸਾਲ ਦੀ ਖੂਬ ਘਾਲਣਾ ਕੀਤੀ।

ਨਾਭਾ ਦੇ ਮਹਾਰਾਜਾ ਹੀਰਾ ਸਿੰਘ ਨੇ ਭਾਈ ਕਾਹਨ ਸਿੰਘ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਆਪਣੀ ਰਿਆਸਤ ਵਿਚ ਨੌਕਰੀ ਦੇ ਕੇ ਸਨਮਾਨਿਤ ਕੀਤਾ। ਭਾਈ ਕਾਹਨ ਸਿੰਘ ਨੇ ਨਾਭਾ ਰਾਜ ਵਿਚ ਜੱਜ ਤੇ ਵਜ਼ੀਰ ਦੀਆਂ ਸੇਵਾਵਾਂ ਵੀ ਨਿਭਾਈਆਂ।

ਭਾਈ ਕਾਹਨ ਸਿੰਘ ਦਾ ਸਿੱਖ ਧਰਮ ਅਤੇ ਇਤਿਹਾਸ ਦਾ ਗਿਆਨ ਹੈਰਾਨੀਜਨਕ ਸੀ। ਉਹ ਆਪਣੇ ਪਿੱਛੇ ਇਕ ਗਿਆਨ ਦਾ ਭੰਡਾਰ ਛੱਡ ਗਏ ਜਿਹੜਾ ਕਿ ਸਿੱਖ ਇਤਿਹਾਸ ਅਤੇ ਧਰਮ-ਸ਼ਾਸਤਰ ਦੇ ਵਿਦਿਆਰਥੀਆਂ ਲਈ ਇਕ ਮਾਰਗ ਦਰਸ਼ਕ ਦਾ ਕੰਮ ਦੇਂਦਾ ਹੈ।

ਚਰਖਾ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

(ਪਿਛਲੇ ਅੰਕ ਦਾ ਬਾਕੀ ਹਿੱਸਾ)

ਮਾਹੀਆ ਤੇਰੇ ਦੇਖਣ ਨੂੰ ਚੁੱਕ ਚਰਖਾ ਗਲੀ ਦੇ ਵਿੱਚ ਡਾਹਵਾਂ।

ਵੇ ਚਰਖਾ ਮੈਂ ਕੱਤਦੀ, ਤੇਰੇ ਨਾਮ ਦੇ ਗਲੋਟੇ ਲਾਹਵਾਂ।

ਪਰ ਜਦੋਂ ਕੋਈ ਮੁਟਿਆਰ ਆਪਣੇ ਮਾਹੀ ਦੇ ਵਿਛੋੜੇ ਕਾਰਨ ਅੰਦਰੂਨੀ ਤੌਰ ਤੇ ਦੁਖੀ ਹੁੰਦੀ ਤਾਂ ਉਸਦਾ ਚਰਖਾ ਕੱਤਣ ਨੂੰ ਜੀਅ ਨਾ ਕਰਦਾ। ਉਸਦਾ ਅਸਲੀ ਦੁੱਖ ਤਾਂ ਮਾਹੀ ਦਾ ਵਿਛੋੜਾ ਹੁੰਦਾ ਹੈ। ਪਰ ਉਹ ਇਸ ਗੱਲ ਦੀ ਆਪਣੇ ਦਿਲ ਵਿੱਚ ਗੰਢ ਬੰਨ੍ਹ ਰੱਖਦੀ ਹੈ। ਸਹੇਲੀਆਂ ਕਾਰਨ ਪੁੱਛਣ ਤੇ ਉਹ ਕੁਝ ਇਸ ਤਰ੍ਹਾਂ ਦਾ ਗੋਲ ਮੋਲ ਜਿਹਾ ਜਵਾਬ ਦਿੰਦੀ ਹੈ—

ਮਾਹੀ ਦੇ ਖਿਆਲਾਂ ਵਿੱਚ ਗੁੰਮ ਸੁੰਮ ਹੋਈ।

ਹਰ ਕੋਈ ਆਖੇ ਸਾਨੂੰ ਦੁੱਖ ਦੱਸ ਕੋਈ।

ਦੁੱਖਾਂ ਦਾ ਪਹਾੜ ਮੈਥੋਂ ਦੱਸਿਆ ਨਾ ਜਾਵੇ।

ਚਰਖਾ ਨਿਮਾਣੀ ਕੋਲੋਂ ਕੱਤਿਆ ਨਾ ਜਾਵੇ।

ਪਰ ਬਹਾਨੇ ਨਾਲ ਮਾਹੀ ਨੂੰ ਪੁਕਾਰਦੀ ਹੋਈ ਖੁਦ ਹੀ ਉਸਨੂੰ ਪੁੱਛਦੀ ਵੀ ਕਿ—

ਮੇਰੇ ਚਰਖੇ ਦੀ ਟੁੱਟ ਗਈ ਮਾਹਲ,

ਵੇ ਚੰਨ ਕੱਤਾਂ ਕਿ ਨਾ.....।

ਕਈ ਵਾਰ ਇਸ ਤ੍ਰਿੰਞਣ ਵਿੱਚ ਬੈਠੀ ਕਿਸੇ ਅੱਲ੍ਹੜ ਮੁਟਿਆਰ ਦੀਆਂ ਗਲੀ ਵਿਚੋਂ ਸਹਿਵਨ ਲੰਘਦੇ ਕਿਸੇ ਗਭਰੂ ਨਾਲ ਅੱਖਾਂ ਚਾਰ ਹੋ ਜਾਂਦੀਆਂ। ਸਮੇਂ ਅੱਜ ਵਰਗੇ ਖੁੱਲ੍ਹੇ, ਡੁੱਲ੍ਹੇ ਤਾਂ ਹੈ ਨਹੀਂ ਸਨ। ਇਸ ਲਈ ਦੋਵਾਂ ਧਿਰਾਂ ਦਾ ਅੰਦਰੋ-ਅੰਦਰ ਪਨਪਦਾ ਆਪਸੀ ਪਿਆਰ ਕਿਸੇ ਟੱਪੇ ਜਾਂ ਬੋਲੀ ਰਾਹੀਂ ਨੱਚ ਗਾ ਕੇ ਜ਼ਾਹਰ ਕੀਤਾ ਜਾਂਦਾ। ਆਮ ਤੌਰ ਤੇ ਇਹ ਪਿਆਰ ਅਧੂਰਾ ਹੀ ਰਹਿੰਦਾ। ਮੁਟਿਆਰ ਨੂੰ ਵਿਆਹ ਕੇ ਉਸਦੇ ਸਹੁਰੇ ਤੋਰ ਦਿੱਤਾ ਜਾਂਦਾ। ਅਜਿਹੇ ਵਿੱਚ ਵਿਆਹ ਹੋ ਕੇ ਜਾਂਦੀ ਮੁਟਿਆਰ ਆਪਣੇ ਬੀਤੇ ਨੂੰ ਯਾਦ ਕਰਕੇ ਕਹਿੰਦੀ ਹੈ—

ਲੱਗੀਆਂ ਤ੍ਰਿੰਞਣਾ ਦੀਆਂ ਮੱਖਣਾ,


ਗਈਆਂ ਮੈਨੂੰ ਯਾਦ ਗੱਡੀ ਵਿੱਚ ਆ।

ਜੇਕਰ ਕੋਈ ਮਨਚਲਾ ਗੱਭਰੂ ਤ੍ਰਿੰਞਣ ਦੇ ਕੋਲ ਦੀ ਆਨੀਂ ਬਹਾਨੀ ਲੰਘਦਾ ਅਤੇ ਉਹ ਵੀ ਬਾਰ-ਬਾਰ ਤਾਂ ਸੁਤੇ ਸਿੱਧ ਸ਼ੱਕ ਪੈਦਾ ਕਰਨ ਵਾਲੀ ਗੱਲ ਹੁੰਦੀ ਸੀ। ਅਜਿਹੇ ਵਿੱਚ ਆਖਿਆ ਜਾਂਦਾ—

ਪੂਣੀਆਂ ਮੈਂ ਚਾਰ ਕੱਤੀਆਂ,

ਟੁੱਟ ਪੈਣੇ ਦਾ ਪੰਦਰ੍ਹਵਾਂ ਗੇੜਾ....,

ਤ੍ਰਿੰਞਣ ਆਮ ਤੌਰ ਤੇ ਗਰਮੀਆਂ ਦੀ ਰੁੱਤੇ ਘਰਾਂ ਦੇ ਕੰਮ ਕਾਜ ਤੋਂ ਵਿਹਲੇ ਹੋ ਕੇ ਜੁੜਦਾ। ਦੁਪਹਿਰ ਵੇਲੇ ਘਰਾਂ ਦੀਆਂ ਡਿਉਢੀਆਂ ਦੇ ਅੰਦਰ ਬਾਹਰ ਦੀ ਛਾਂ ਵਿਚ ਜਾਂ ਮੁਹੱਲੇ ਵਿੱਚ ਮੌਜੂਦ ਕਿਸੇ ਰੁੱਖ ਦੀ ਛਾਂ ਹੇਠ ਤ੍ਰਿੰਞਣ ਜੁੜਦਾ। ਸਰਦੀਆਂ ਨੂੰ ਇਹ ਜੋੜ ਕਿਸੇ ਖੁੱਲ੍ਹੇ ਦਲਾਨ ਵਿੱਚ ਜੁੜਦਾ ਜਿੱਥੇ ਸਰਦੀ ਤੋਂ ਬਚਿਆ ਜਾ ਸਕਦਾ। ਇਸ ਤਰ੍ਹਾਂ ਗਰਮੀਆਂ ਦੇ



ਲੰਮੇ ਦਿਨਾਂ ਅਤੇ ਸਰਦੀਆਂ ਦੀਆਂ ਲੰਮੀਆਂ ਰਾਤਾਂ ਵਿੱਚ ਤ੍ਰਿੰਞਣ ਜੁੜਦਾ ਸੀ। ਟਿਕੀ ਦੁਪਹਿਰ ਤੇ ਟਿਕੀਆਂ ਰਾਤਾਂ ਵਿੱਚ ਇਕੱਠੇ ਚਰਖਿਆਂ ਦੀ ਘੂਕਰ ਇੱਕ ਤਰ੍ਹਾਂ ਦਾ ਸੰਗੀਤ ਪੈਦਾ ਕਰਦੀ ਸੀ। ਇਹ ਸੰਗੀਤ ਕੰਨਾਂ ਨੂੰ ਵਿਸਮਾਦੀ ਆਨੰਦ ਦਿੰਦਾ ਸੀ। ਇਸ ਸੰਗੀਤਮਈ ਘੂਕ ਦੀ ਗੂੰਜ ਵੱਡੇ-ਵੱਡਿਆਂ ਵਿੱਚ ਖਿੱਚ ਪੈਦਾ ਕਰਦੀ। ਰਾਹੀਆਂ ਦੇ ਰੁਕਣ ਦਾ ਸਬੱਬ ਬਣਦੀ। ਵੱਡੇ-ਵੱਡੇ ਜੋਗੀਆਂ ਦੀ ਭਗਤੀ ਭੰਗ ਹੋ ਜਾਂਦੀ ਇਸ ਚਰਖੇ ਦੀ ਸੰਗੀਤਮਈ ਘੂਕਰ ਅੱਗੇ। ਹਕੀਕਤ ਭਾਵੇਂ ਕੁਝ ਵੀ ਹੋਵੇ ਪਰ ਲੇਖ ਦੇ ਸ਼ੁਰੂ ਵਿੱਚ ਗੀਤ ਦੀ ਦਿੱਤੀ ਹੋਈ ਪੰਕਤੀ '**ਜੋਗੀ ਉਤਰ ਪਹਾੜੋਂ ਆਏ ਚਰਖੇ ਦੀ ਘੂਕ ਸੁਣਕੇ**....' ਤਾਂ ਇਸੇ ਗੱਲ ਦੀ ਤਸਦੀਕ ਕਰਦੀ ਹੈ। ਇਸੇ ਘੂਕਰ ਤੋਂ ਮੁਟਿਆਰ ਖੁਦ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦੀ ਅਤੇ ਪ੍ਰਦੇਸ ਬੈਠੇ ਮਾਹੀ ਨੂੰ ਯਾਦ ਕਰਦੀ ਹੋਈ ਆਖਦੀ ਹੈ—

ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ,

ਮਾਹੀਆ ਮੈਨੂੰ ਯਾਦ ਆਂਵਦਾ.....।

ਪਰ ਜੇਕਰ ਚਰਖੇ ਦੀ ਗੁੱਝ ਨੂੰ ਕਾਫੀ ਦੇਰ ਤੇਲ ਦਾ ਤੁਪਕਾ ਨਾ ਛੁਹਾਇਆ ਜਾਂਦਾ ਤਾਂ ਖੁਸ਼ਕ ਹੋਈ ਚਰਖੇ ਦੀ ਗੁੱਝ ਚਰਖੇ ਦੇ ਫੇਰਿਆਂ ਨਾਲ ਚੀਕਦੀ। ਅਜਿਹੇ ਵਿੱਚ ਦਿਲ ਜਾਨੀਆਂ ਨੂੰ ਚੀਕਦਾ ਹੋਇਆ ਚਰਖਾ ਮੋਰ ਕੂਕਣ ਤੁਲ ਜਾਪਦਾ—

ਚੀਕੇ ਚਰਖਾ ਬਿਸ਼ਨੀਏ ਤੇਰਾ,

ਲੋਕਾਂ ਭਾਣੇ ਮੋਰ ਕੂਕਦਾ....।

ਖੁਦ ਮੁਟਿਆਰ ਵੀ ਆਪਣੇ ਰੂਪ ਦੀ ਦੀਵਾਨੀ ਹੋਈ ਆਪਣੀਆਂ ਸਹੇਲੀਆਂ ਨੂੰ ਪ੍ਰਭਾਵਿਤ ਕਰਨ ਲਈ ਤ੍ਰਿੰਞਣ ਦਾ ਸਹਾਰਾ ਲੈ ਕੇ ਆਪਣੇ ਬਾਰੇ ਦੱਸਦੀ ਹੋਈ ਆਖਦੀ ਹੈ—

ਨਿੱਕੀ ਹੁੰਦੀ ਮੈਂ ਰਹੀ ਨਾਨਕੇ, ਖਾਂਦੀ ਦੁੱਧ ਮਲਾਈਆਂ,

ਤੁਰਦੀ ਦਾ ਲੱਕ ਝੂਟੇ ਖਾਂਦਾ, ਪੈਰੀਂ ਝਾਂਜਰਾਂ ਪਾਈਆਂ।

ਤ੍ਰਿੰਞਣਾਂ 'ਚ ਕੱਤਦੀ ਦਾ, ਦੇਂਦਾ ਰੂਪ ਦੁਹਾਈਆਂ....।

ਚਰਖੇ ਉੱਤੇ ਕਤਾਈ ਕਰਨ ਤੋਂ ਪਹਿਲਾਂ ਰੂੰ ਪਿੰਜਵਾ ਕੇ ਪੂਣੀਆਂ ਵੱਟਣ ਦਾ ਕੰਮ ਹੁੰਦਾ ਸੀ। ਕੋਈ ਮੁਟਿਆਰ ਆਪਣੇ ਮਾਹੀ ਦੀਆਂ ਯਾਦਾਂ ਵਿੱਚ ਗੁਆਚੀ ਹੋਈ ਪੂਣੀਆਂ ਵੱਟ ਰਹੀ ਸੀ। ਅਚਾਨਕ ਹੀ ਉਸਦਾ ਜੇਠ ਘਰ ਆ ਗਿਆ। ਉਸਦੀਆਂ ਸੋਚਾਂ ਦੀ ਲੜੀ ਟੁੱਟ ਗਈ। ਮਨ ਹੀ ਮਨ

ਵਿੱਚ ਹਿਰਖੀ ਹੋਈ ਮੁਟਿਆਰ ਜੇਠ ਤੇ ਤੰਜ਼ ਕੱਸਦੀ ਹੋਈ ਆਪਣੀਆਂ ਸਹੇਲੀਆਂ ਨੂੰ ਕਹਿੰਦੀ ਹੈ—

ਧੇਲੀ ਦਾ ਮੈਂ ਰੂੰ ਕਰਾਇਆ, ਉਹ ਵੀ ਚੜ੍ਹ ਗਿਆ ਛੱਤੇ।
ਦੇਖੋ ਨੀ ਮੇਰੇ ਹਾਣ ਦੀਓ, ਮੇਰਾ ਜੇਠ ਪੂਣੀਆਂ ਵੱਟੇ।

ਚਰਖੇ ਦੇ ਸਹਾਰੇ ਨਾਲ ਆਪਸੀ ਰਿਸ਼ਤਿਆਂ ਦਾ ਗੂੜ੍ਹਾ ਅਤੇ ਨਿੱਘਾ ਜ਼ਿਕਰ ਵੀ ਛੇੜਿਆ ਜਾਂਦਾ ਹੈ। ਪਿਛਲੇ ਸਮਿਆਂ ਵਿੱਚ ਵਿਆਹ ਹੋ ਕੇ ਸਹੁਰੀਂ ਜਾਣ ਵਾਲੀਆਂ ਕੁੜੀਆਂ ਆਪਣੇ ਬਾਬਲ ਨਾਲ ਸੰਵਾਦ ਰਚਾਉਂਦੀਆਂ ਆਖਦੀਆਂ—

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ ?

ਜਵਾਬ ਵਿੱਚ ਧੀ ਦਾ ਬਾਪ ਆਖਦਾ—

ਮੇਰੀਆਂ ਕੱਤਣ ਪੋਤਰੀਆਂ ਨੀ, ਧੀਏ ਘਰ ਜਾ ਆਪਣੇ।

ਇਸੇ ਤਰ੍ਹਾਂ ਸਾਵਣ ਦੇ ਮਹੀਨੇ ਨਨਾਣ ਤੇ ਉਸਦੀ ਭਰਜਾਈ ਇਕੱਠੀਆਂ ਚਰਖੇ ਕੱਤ ਰਹੀਆਂ ਸਨ। ਅਚਾਨਕ ਮੀਂਹ ਆਉਣ ਤੇ ਭਰਜਾਈ ਆਪਣੀ ਨਣਾਨ ਨੂੰ ਆਖਦੀ ਹੈ :-

ਮੀਂਹ ਬਰਸੇ ਬਿਜਲੀ ਕੜਕੇ, ਭਿੱਜ ਗਈਆਂ ਨਣਾਨੇ ਪੂਣੀਆਂ....
ਆਜਾ ਰਲ ਮਿਲ ਚੁੱਕੀਏ ਚਰਖੇ, ਭਿੱਜ ਗਈਆਂ ਨਣਾਨੇ ਪੂਣੀਆਂ....

ਉਪਰੋਕਤ ਵਰਨਣ ਤੋਂ ਪੁਰਾਤਨ ਪੰਜਾਬੀ ਸੱਭਿਆਚਾਰ ਵਿੱਚ ਚਰਖੇ ਦੀ ਅਹਿਮੀਅਤ ਭਲੀ ਪ੍ਰਕਾਰ ਸਮਝ ਆ ਜਾਂਦੀ ਹੈ। ਕੱਤੇ ਹੋਏ ਸੂਤ ਦੀਆਂ ਅਟੇਰਨ ਨਾਲ ਅਟੇਰ ਕੇ ਅੱਟੀਆਂ ਬਣਾਈਆਂ ਜਾਂਦੀਆਂ ਸਨ। ਇਸ ਲਈ ਅਟੇਰਨ ਦਾ ਜੋੜ ਮੇਲ ਵੀ ਚਰਖੇ ਨਾਲ ਹੈ ਅਤੇ ਕੱਤਣੀ ਦਾ ਜੋੜ ਮੇਲ ਵੀ ਚਰਖੇ ਨਾਲ ਹੀ ਹੈ। ਕੱਤਣੀ ਵਿੱਚ ਗਲੋਟੇ ਅਤੇ ਪੂਣੀਆਂ ਰੱਖੇ ਜਾਂਦੇ ਸਨ। ਕਈ ਵਾਰ ਕੱਤਣੀ ਤੋਂ ਬਿਨ੍ਹਾਂ ਗਲੋਟੇ ਪੂਣੀਆਂ ਕਿਸੇ ਗੋਹਲੇ ਜਾਂ ਛਿੱਕੂ ਵਿੱਚ ਰੱਖ ਲਏ ਜਾਂਦੇ ਸਨ। ਪਰ ਕਈ ਵਾਰ ਕਾਨਿਆਂ ਦੇ ਤੀਲਿਆਂ ਨੂੰ ਰੰਗ-ਬਰੰਗੇ ਧਾਗਿਆਂ ਨਾਲ ਗੁੰਦ ਕੇ ਫੁੱਲ ਬੂਟੇ ਪਾ ਕੇ ਚਰਖੇ ਨਾਲ ਹੀ ਦਾਜ ਵਿੱਚ ਦੇਣ ਵਾਸਤੇ ਸਮੇਤ ਢੱਕਣ ਬਹੁਤ ਸ਼ਾਨਦਾਰ ਕੱਤਣੀ ਤਿਆਰ ਕੀਤੀ ਜਾਂਦੀ ਸੀ। ਜ਼ਿਕਰ ਆਉਂਦਾ ਹੈ—

ਹੁੰਦੀ ਆ ਪਟੋਲਿਆ ਤਿਆਰੀ, ਕੱਤਣੀ ਨੂੰ ਫੁੱਲ ਲੱਗਦੇ।

.....

ਮੇਰਾ ਚਰਖਾ ਬੋਲੀਆਂ ਪਾਵੇ, ਕੱਤਣੀ ਕਬਿੱਤ ਜੋੜਦੀ।

.....

ਮੇਰੀ ਕੱਤਣੀ ਫਰਾਟੇ ਮਾਰੇ, ਪੂਣੀਆਂ ਦੇ ਸੱਪ ਬਣ ਗਏ।

.....

ਗੱਡੀ ਵਿੱਚ ਮੈਂ ਰੋਵਾਂ, ਮੇਰੀ ਕੱਤਣੀ 'ਚ ਰੋਣ ਗਲੋਟੇ।

ਚਰਖੇ ਨਾਲ ਕੁਝ ਅਟੱਲ ਸਚਾਈਆਂ ਵੀ ਜੁੜੀਆਂ ਹੋਈਆਂ ਹੁੰਦੀਆਂ ਸਨ। ਇਹ ਸਪੱਸ਼ਟ ਹੀ ਹੁੰਦਾ ਸੀ ਕਿ ਤ੍ਰਿੰਞਣ ਵਿੱਚ ਬਹਿੰਦੀਆਂ ਕੁੜੀਆਂ ਨੇ ਵਾਰੀ-ਵਾਰੀ ਵਿਆਹ ਹੋਣ ਤੇ ਆਪਣੇ ਸਹੁਰੇ ਘਰ ਤੁਰ ਜਾਣਾ ਹੁੰਦਾ ਸੀ ਅਤੇ ਹੈ। ਮੁੜ ਉਨ੍ਹਾਂ ਦੇ ਮਿਲਣ ਅਤੇ ਇਕੱਠੀਆਂ ਬੈਠਣ ਦੇ ਚਾਂਸ ਜਾਂ ਮੌਕੇ ਨਾਂਹ ਦੇ ਬਰਾਬਰ ਹੁੰਦੇ ਸਨ। ਇਸੇ ਲਈ ਆਖਿਆ ਗਿਆ—

ਬੇੜੀ ਦਾ ਪੁਰ ਤ੍ਰਿੰਞਣ ਦੀਆਂ ਕੁੜੀਆਂ,
ਸਬੱਬ ਨਾਲ ਹੋਣ ਕੱਠੀਆਂ।

.....

ਜਿਸ ਪੱਤਣੋਂ ਪਾਣੀ ਅੱਜ ਲੰਘ ਜਾਣਾ,
ਫੇਰ ਨਾ ਲੰਘਣਾ ਭਲਕੇ।
ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ,
ਫੇਰ ਨਾ ਬਹਿਣਾ ਰਲਕੇ।

.....

ਇਸ ਤੋਂ ਇਲਾਵਾ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਵਰਗੇ ਸੂਫੀਆਂ ਨੇ ਆਪਣੀ ਰਚਨਾ ਵਿਚ ਚਰਖੇ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਚਰਖੇ ਦਾ ਪ੍ਰਤੀਕ ਵਰਤ ਕੇ ਇਸ ਨੂੰ ਇਸ਼ਕ ਹਕੀਕੀ ਨਾਲ ਜੋੜਿਆ ਹੈ। ਸੂਫ਼ੀ ਸਾਹਿਤ ਵਿਚੋਂ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਬਾਬਾ ਬੁੱਲ੍ਹੇ ਸ਼ਾਹ ਨੇ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਲਈ ਅੰਦਰੂਨੀ ਤਾਂਘ ਨੂੰ ਬਿਆਨ ਕਰਦਿਆਂ ਆਖਿਆ ਹੈ—

ਗਮਾਂ ਦਾ ਚਰਖਾ, ਦੁੱਖਾਂ ਦੀਆਂ ਪੂਣੀਆਂ।
ਜਿਉਂ ਜਿਉਂ ਕੱਤੀ ਜਾਵਾਂ, ਹੋਈ ਜਾਣ ਦੂਣੀਆਂ।

ਪਰ ਹਥਲੇ ਲੇਖ ਦਾ ਵਿਸ਼ਾ ਪੰਜਾਬ ਦੇ ਅਲੋਪ ਹੋ ਚੁੱਕੇ ਸਭਿਆਚਾਰਕ ਵਿਰਸੇ ਵਿੱਚ ਚਰਖੇ ਦੀ ਅਹਿਮੀਅਤ ਨੂੰ ਦਰਸਾਉਣਾ ਹੈ। ਇਸ ਲਈ ਇਥੇ ਹੋਰ ਮਿਸਾਲਾਂ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ।

ਹੁਣ ਦੇ ਬਦਲ ਚੁੱਕੇ ਸਮੇਂ ਮੁਤਾਬਕ ਚਰਖਾ ਕੇਵਲ ਸਭਿਆਚਾਰਕ ਪ੍ਰੋਗਰਾਮਾਂ ਵੇਲੇ ਸਟੇਜਾਂ ਤੇ ਹੀ ਨਜ਼ਰ ਆਉਂਦਾ ਹੈ। ਅਜਿਹਾ ਹੋਣਾ ਬਦਲਦੇ ਸਮੇਂ ਦੀ ਤੋਰ ਮੁਤਾਬਕ ਜ਼ਰੂਰੀ ਹੈ। ਪਰ ਪੰਜਾਬੀਆਂ ਦਾ ਚਰਖੇ ਪ੍ਰਤੀ ਹੇਰਵਾ ਅਤੇ ਆਪਣੇ ਸੱਭਿਆਚਾਰਕ ਨਾਲੋਂ ਮੁਟਿਆਰਾਂ ਦਾ ਟੁੱਟਣਾ ਸਾਫ਼ ਨਜ਼ਰ ਆਉਂਦਾ ਹੈ—

ਹੱਸਣਾ ਵੀ ਭੁੱਲ ਗਈ, ਤੇ ਨੱਚਣਾ ਵੀ ਭੁੱਲ ਗਈ।
ਕੁੜੀ ਪੰਜਾਬ ਦੀ ਤਾਂ ਕੱਤਣਾ ਵੀ ਭੁੱਲ ਗਈ।
ਤੰਦ ਚਰਖੇ ਤੇ ਰੋਣ ਵਿਚਾਰੇ....
ਨੀ ਚਰਖਾ ਬੋਲ ਪਿਆ, ਸੁਣ ਅਲ੍ਹੜੇ ਮੁਟਿਆਰੇ....

.....

ਤੀਆਂ ਤੇ ਤ੍ਰਿੰਞਣ ਆਪਾਂ ਭੁੱਲ ਗਏ ਆਂ।
ਪੱਛਮ ਦੇ ਵਿਰਸੇ ਤੇ ਡੁੱਲ੍ਹ ਗਏ ਆਂ।
ਕੋਈ ਨਾ ਸਾਨੂੰ ਜਾਣੇ ਸੱਭਿਆਚਾਰ ਬਿਨ੍ਹਾਂ।
ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨ੍ਹਾਂ।

ਪਰ ਪਿਛਲੇ ਥੋੜ੍ਹੇ ਸਮੇਂ ਤੋਂ ਜਦੋਂ ਦਾ ਕਰੋਨਾ ਕਾਲ ਸ਼ੁਰੂ ਹੋਇਆ ਹੈ ਤਾਂ ਇਕੱਠ ਕਰਨ ਤੋਂ ਗੁਰੇਜ਼ ਕੀਤਾ ਜਾਣ ਲੱਗ ਪਿਆ ਹੈ। ਵਿਆਹਾਂ ਸ਼ਾਦੀਆਂ ਮੌਕੇ ਅਤੇ ਹੋਰ ਮੌਕਿਆਂ ਤੇ ਸਭਿਆਚਾਰਕ ਪ੍ਰੋਗਰਾਮ ਬੰਦ ਹੋ ਗਏ ਹਨ। ਕਰੋਨਾ ਕਾਲ ਤੋਂ ਪਹਿਲਾਂ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਚਰਖਾ ਸਟੇਜਾਂ ਤੇ ਨਜ਼ਰ ਆ ਜਾਂਦਾ ਸੀ। ਪਰ ਹੁਣ ਬਦਲ ਗਏ ਹਾਲਾਤਾਂ ਮੁਤਾਬਕ ਚਰਖਾ ਬਿਲਕੁਲ ਹੀ ਨਜ਼ਰਾਂ ਤੋਂ ਉਹਲੇ ਹੋ ਗਿਆ ਹੈ। ਸੰਭਵ ਹੈ ਕਿ ਆਉਣ ਵਾਲੀ ਪੀੜ੍ਹੀ ਚਰਖੇ ਦਾ ਨਾਂਅ ਵੀ ਭੁੱਲ ਜਾਵੇ।

ਧੰਨਵਾਦ ਸਹਿਤ 'ਵਿਰਸੇ ਦੇ ਰੰਗ' 'ਚੋਂ

ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

ਗੁਰਚਰਨ ਸਿੰਘ ਨੂਰਪੁਰ

28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਅੱਠ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 68 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ। 25-30 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਮਕਰ ਕਰਦਿਆਂ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।

ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-

ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗ਼ਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

ਵਿਸਰਦਾ ਜਾਂਦਾ ਪੰਜਾਬੀ ਵਿਰਸਾ

ਇੰਜੀਨੀਅਰ ਪਰਮਿੰਦਰਜੀਤ ਸਿੰਘ/ 99153-57524

ਭੰਡਾ-ਭੰਡਾਰੀਆ - ਭੰਡਾ-ਭੰਡਾਰੀਆ ਖੇਡ ਵਿੱਚ ਇਕ ਲੜਕੀ ਹੇਠਾਂ ਬੈਠ ਜਾਂਦੀ ਹੈ ਤੇ ਬਾਕੀ ਦੀਆਂ ਲੜਕੀਆਂ ਆਪਣੀਆਂ ਮੁੱਠੀਆਂ ਉਸ ਦੇ ਸਿਰ ਉੱਪਰ ਰੱਖ ਕੇ ਖਲੋ ਜਾਂਦੀਆਂ ਹਨ। ਵਾਰੀ ਦੇਣ ਵਾਲੀ ਲੜਕੀ ਪੁੱਛਿਆ ਜਾਂਦਾ ਹੈ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ' ਉਹ ਜੁਆਬ ਦਿੰਦੀ ਹੈ 'ਇਕ ਮੁੱਠੀ ਚੁੱਕ ਲੈ ਦੂਜੀ ਤਿਆਰ।' ਹਰ ਵਾਰੀ ਕਹਿਣ ਦੇ ਨਾਲ-ਨਾਲ ਇਕ ਮੁੱਠੀ ਚੁੱਕ ਲਈ ਜਾਂਦੀ ਹੈ। ਅਖ਼ੀਰਲੀ ਲੜਕੀ ਦੇ ਮੁੱਠੀ ਚੁੱਕਣ ਦੇ ਨਾਲ ਹੀ ਸਾਰੀਆਂ ਲੜਕੀਆਂ 'ਹਾਏ ਹਾਏ ਦਦਈਆ ਲੜ ਗਿਆ' ਕਹਿ ਕੇ ਭੱਜ ਜਾਂਦੀਆਂ ਹਨ ਤੇ ਵਾਰੀ ਦੇਣ ਵਾਲੀ ਲੜਕੀ ਉਨ੍ਹਾਂ ਵਿੱਚੋਂ ਜਿਸ ਨੂੰ ਡਬ੍ਹ ਲਵੇ, ਉਸ ਨੂੰ ਵਾਰੀ ਦੇਣੀ ਪੈਂਦੀ ਹੈ।

ਰੋੜੇ ਜਾਂ ਗੀਟੇ - ਰੋੜੇ ਜਾਂ ਗੀਟੇ ਕੁੜੀਆਂ ਦੀ ਬੜੀ ਹਰਮਨ ਪਿਆਰੀ ਅਤੇ ਮਨਪਸੰਦ ਖੇਡ ਹੈ। ਗੁੱਡੀ ਪਟੋਲੇ ਦੀ ਖੇਡ ਵਾਂਗ ਹੀ ਇਹ ਖੇਡ ਵੀ ਕੁੜੀਆਂ ਦੀ ਇਕ ਪ੍ਰਸਿੱਧ ਲੋਕ-ਖੇਡ ਹੈ ਅਤੇ ਪੰਜਾਬ ਤੋਂ ਬਾਹਰ ਹੋਰਨਾਂ ਰਾਜਾਂ ਵਿੱਚ ਵੀ ਖੇਡੀ ਜਾਂਦੀ ਹੈ। ਇਸ ਖੇਡ ਦੇ ਹੋਰ ਨਾਂ-ਪੰਜ ਗੀਟੜਾ, ਟਾਹਣਾ, ਰੋੜੇ ਤੇ ਬੋਚੇ ਵੀ ਹਨ। ਇਸ ਖੇਡ ਦਾ ਸਮਾਨ ਪੰਜ ਗੀਟੇ/ਰੋੜੇ ਅਤੇ ਇਕ ਗੋਂਦ ਹੀ ਹੈ। ਪੰਜ ਗੀਟਿਆਂ ਨਾਲ ਵੀ ਅਤੇ ਇਕ ਗੋਂਦ ਹੀ ਹੈ। ਪੰਜ ਗੀਟਿਆਂ ਨਾਲ ਵੀ ਅਤੇ ਗੋਂਦ ਤੋਂ ਬਗੈਰ ਵੀ ਇਸ ਨੂੰ ਖੇਡਿਆ ਜਾਂਦਾ ਹੈ।

ਪਹਿਲਾਂ ਵਾਰੀ ਲੈਣ ਵਾਲੀ ਕੁੜੀ ਹੌਲੀ ਦੇਣੀ ਰੜਿਆਂ ਨੂੰ ਜ਼ਮੀਨ 'ਤੇ ਖਲਾਰਦੀ ਹੈ।

ਪਹਿਲੀ ਵਾਰੀ ਉਹ ਇਕ ਗੀਟਾ ਉੱਪਰ ਉਛਾਲ ਕੇ ਉਸ ਨੂੰ ਬੋਚਣ ਤੋਂ ਪਹਿਲਾਂ ਇਕ ਇਕ ਗੀਟਾ ਹੇਠੋਂ ਚੁੱਕਣਾ ਹੁੰਦਾ ਹੈ। ਫਿਰ ਦੋ-ਦੋ, ਇਸ ਤੋਂ ਬਾਅਦ ਤਿੰਨ ਅਤੇ ਫਿਰ ਚਾਰ ਚੁੱਕ ਕੇ ਸਾਰਿਆਂ ਗੀਟਿਆਂ ਨਾਲ ਸਿੱਧ-ਪੁੱਠ ਕਰਨੇ, ਕੁੱਤਾ ਖੇਡ ਅਤੇ ਕੋਠੀ ਖੇਡ ਪੂਰੀ ਕਰਕੇ ਬਾਜ਼ੇ ਚੜ੍ਹਾਣੇ ਹੁੰਦੇ ਹਨ। ਇਸ ਤਰ੍ਹਾਂ ਖੇਡ ਫਿਰ ਸ਼ੁਰ ਹੋ ਜਾਂਦੀ ਹੈ। ਜੇਕਰ ਉਸ ਕੋਲੋਂ ਗੀਟਿਆਂ ਨੂੰ ਦੂਜਾ ਹੱਥ ਲੱਗ ਜਾਵੇ, ਗੀਟੇ ਨਾਲ ਗੀਟਾ ਹਿੱਲ ਜਾਵੇ ਜਾਂ ਉੱਪਰ ਸੁੱਟਿਆ ਗੀਟਾ ਬੋਚਿਆ ਨਾ ਜਾ ਸਕੇ ਤਾਂ ਉਸ ਦੀ ਵਾਰੀ ਖ਼ਤਮ ਹੋ ਜਾਂਦੀ ਹੈ ਅਤੇ ਦੂਜੀ ਦੀ ਵਾਰੀ ਸ਼ੁਰੂ ਹੋ ਜਾਂਦੀ ਹੈ। ਇਸੇ ਤਰ੍ਹਾਂ ਉਹ ਕਾਫ਼ੀ ਦੇਰ ਤੱਕ ਖੇਡਦੀਆਂ ਰਹਿੰਦੀਆਂ ਹਨ। ਜਿਹੜੀ ਕੁੜੀ ਬਹੁਤੀਆਂ ਬਾਜ਼ੀਆਂ ਬਣਾ ਲਵੇ ਉਹ ਜਿੱਤੀ ਸਮਝੀ ਜਾਂਦੀ ਹੈ।

ਰੱਖੜੀ ਤੇ ਟਿੱਕਾ ਭਾਈ ਦੂਜ - ਇਹ ਭੈਣਾਂ ਤੇ ਵੀਰਾਂ ਦੇ ਪਿਆਰ ਦਾ ਤਿਉਹਾਰ ਹੈ ਅਤੇ ਇਹ ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਆਪਣੇ ਵੀਰਾਂ ਦੇ ਰੱਖੜੀ ਬੰਨ੍ਹਦੀਆਂ ਹਨ ਅਤੇ ਵੀਰ ਆਪਣੇ ਵਿੱਤ ਅਨੁਸਾਰ ਭੈਣਾਂ ਨੂੰ ਮਾਇਆ ਜਾਂ ਗਹਿਣੇ ਆਦਿ ਦਿੰਦੇ ਹਨ।

ਇਸ ਤਿਉਹਾਰ ਨੂੰ ਪੁਰਾਤਨ ਸਮੇਂ ਤੋਂ ਮਨਾਇਆ ਜਾਂਦਾ ਆ ਰਿਹਾ ਹੈ ਅਤੇ ਇਸ ਨੂੰ ਮਨਾਉਣ ਪਿੱਛੇ ਕਈ ਮਿਥਿਹਾਸਕ ਕਥਾਵਾਂ ਪ੍ਰਚੱਲਿਤ ਹਨ। ਕਿਹਾ ਜਾਂਦਾ ਹੈ ਕਿ ਬ੍ਰਾਹਮਣਾਂ ਨੇ ਰਾਕਸ਼ਾਂ ਤੋਂ ਆਪਣੀ ਰੱਖਿਆ ਕਰਨ ਲਈ ਰਾਜੇ ਇੰਦਰ ਨੂੰ ਇਹ ਬੰਧਨ ਬੰਨ੍ਹਿਆ ਸੀ। ਇਸ ਤਰ੍ਹਾਂ ਇਸ ਤਿਉਹਾਰ ਦਾ ਨਾਂ 'ਰਖਸ਼ਾ ਬੰਧਨ' ਪਿਆ।

ਇਹ ਕਥਾ ਵੀ ਪ੍ਰਚਿੱਲਤ ਹੈ ਕਿ ਪਿਛਲੇ ਸਮਿਆਂ ਵੱਚ ਜਦੋਂ ਕੋਈ ਬਾਹਰਲਾ ਧਾੜਵੀ ਦੇਸ਼ 'ਤੇ ਹਮਲਾ ਕਰਦਾ ਸੀ ਤਾਂ ਭੈਣਾਂ ਆਪਣੇ ਵੀਰਾਂ ਨੂੰ ਆਪਣੇ ਪਰਿਵਾਰ ਦੀ, ਮਾਵਾਂ ਦੀ ਅਤੇ ਦੇਸ਼ ਕੌਮ ਦੀ ਰੱਖਿਆ ਕਰਨ ਲਈ ਸ਼ਹੀਦੀ ਗਾਨ੍ਹੇ ਬੰਨ੍ਹ ਕੇ ਰਣਭੂਮੀ ਵਿੱਚ ਵੀਰਤਾ ਨਾਲ ਜੂਝਣ ਲਈ ਵੈਰੀਆਂ ਨੂੰ ਕਰਾਰੀ ਹਾਰ ਦੇਣ ਲਈ ਖੁਸ਼ੀ-ਖੁਸ਼ੀ ਤੋਰਦੀਆਂ ਸਨ।

ਇਕ ਕਥਾ ਇਸ ਤਰ੍ਹਾਂ ਪ੍ਰਚਲਿਤ ਹੈ: "ਇਕ ਵਾਰ ਦੇਵਤਿਆਂ ਤੇ ਦੈਂਤਾਂ ਦਾ ਯੁੱਧ 12ਵਰ੍ਹੇ ਹੁੰਦਾ ਰਿਹਾ ਤੇ ਅੰਤ ਵਿੱਚ ਦੈਤਾਂ ਨੇ ਦੇਵਤਿਆਂ ਨੂੰ ਸਣੇ ਇੰਦਰ-ਦੇਵਤੇ ਹਰਾ ਦਿੱਤਾ। ਇੰਦਰ ਬੜਾ ਦੁਖੀ ਹੋਇਆ। ਇੰਦਰਾਣੀ ਨੇ ਉਸ ਦਾ ਹੌਂਸਲਾ ਵਧਾਉਂਦੇ ਹੋਏ ਉਸ ਨੂੰ ਚਿੰਤਾ ਕਰਨ ਤੋਂ ਮਨ੍ਹਾਂ ਕਰ ਦਿੱਤਾ। ਦੂਜੇ ਦਿਨ ਸਾਵਣ ਦੀ ਪੂਰਨਮਾਸ਼ੀ ਸੀ। ਸੋ ਹਾਰ ਨੂੰ ਜਿੱਤ ਵਿੱਚ ਵਟਾਣ ਲਈ ਇੰਦਰਾਣੀ ਨੇ ਬ੍ਰਾਹਮਣਾਂ ਕੋਲੋਂ ਮੰਤਰ ਪੂਜਾ ਕਰਾ ਕੇ ਇੰਦਰ ਦੇ ਸੱਜੇ ਹੱਥ ਰਖਸਾ ਦੀ ਪੋਟਲੀ ਬੰਨ੍ਹ ਦਿੱਤੀ। ਰਖਸ਼ਾ ਬੰਧਨ ਬੰਨ੍ਹ ਕੇ ਜਦ ਇੰਦਰ ਨੇ ਯੁੱਧ ਕੀਤਾ ਤਾਂ ਉਸ ਦੀ ਜਿੱਤ ਹੋਈ।

ਸਮਾਂ ਬਦਲਣ ਨਾਲ ਇਸ ਤਿਉਹਾਰ ਦੇ ਭਾਵ ਬਿਲਕੁਲ ਹੀ ਬਦਲ ਗਏ ਹਨ। ਖਾਸ ਕਰਕੇ ਪੰਜਾਬ ਵਿੱਚ ਤਾਂ ਇਹ ਤਿਉਹਾਰ ਹੁਣ ਭੈਣਾਂ ਦਾ ਤਿਉਹਾਰ ਹੀ ਰਹਿ ਗਿਆ ਹ। ਭੈਣ ਲਈ ਤਾਂ ਰੱਖਣੀ ਵੀਰ ਵਾਸਤੇ ਸ਼ੁਭ ਕਾਮਨਾਵਾਂ ਦੀ ਪ੍ਰਤੀਕ ਹੈ। ਭੈਣਾਂ ਜਿੱਥੇ ਵੀ ਹੋਣ, ਇਸ ਦਿਨ ਭਰਾਵਾਂ ਕੋਲ ਪਹੁੰਚ ਕੇ ਪਹਿਲਾਂ ਆਪਣੇ ਵੀਰਾਂ ਦੇ ਮੂੰਹ ਬਰਫੀ ਪਾਉਂਦੀਆਂ ਹਨ, ਫਿਰ ਚੜੇ ਚਾਅ ਨਾਲ ਗੁੱਟ ਤੇ ਰੱਖੜੀ ਬੰਨ੍ਹਦੀਆਂ ਹਨ। ਵੀਰ ਆਪਣੇ ਵਿੱਤ ਅਨੁਸਾਰ ਭੈਣਾਂ ਨੂੰ ਰੱਖੜੀ ਬਨ੍ਹਾਈ ਦੇ ਰੁਪਏ ਦਿੰਦੇ ਹਨ। ਜੇ ਵੀਰ ਦੂਰ ਹੋਣ ਤੇ ਭੈਣਾਂ ਇਸ ਤਿਉਹਾਰ ਮੌਕੇ ਨਾ ਪੁੱਜ ਸਕਣ ਤਾਂ ਉਹ ਰੱਖੜੀ ਨੂੰ ਡਾਕ ਰਾਹੀਂ ਭੇਜ ਦਿੰਦੀਆਂ ਹਨ।

ਟਿੱਕਾ ਭਾਈ ਦੂਜ ਦਿਵਾਲੀ ਦੇ ਤੀਜੇ ਦਿਨ ਹੁੰਦਾ ਹੈ। ਇਸ ਦਿਨ ਭੈਣਾਂ ਭਰਾਵਾਂ ਨੂੰ ਮਿਠਾਈ ਦਿੰਦੀਆਂ ਅਤੇ ਮੱਥੇ ਤੇ ਚੌਲਾਂ ਤੇ ਚੰਦਨ ਦਾ ਟਿੱਕਾ ਲਾਉਂਦੀਆਂ ਹਨ। ਇਹ ਉਨ੍ਹਾਂ ਦੀ ਜਿੱਤ ਦਾ ਤਿਉਹਾਰ ਹੈ। ਇਹ ਕਥਾ ਪ੍ਰਚਿੱਲਤ ਹੈ ਕਿ ਇਸ ਦਿਨ ਸ੍ਰੀ ਰਾਮ ਚੰਦਰ ਜੀ ਆਪਣੀ ਸੈਨਾ ਸਮੇਤ ਅਯੁੱਧਿਆ ਪੁੱਜੇ ਸਨ ਤਾਂ ਸੈਨਿਕਾਂ ਦੀਆਂ ਭੈਣਾਂ ਨੇ ਖੁਸ਼ੀ ਵਿੱਚ ਮਿਠਾਈਆਂ ਵੰਡੀਆਂ ਸਨ ਅਤੇ ਆਪਣੇ ਵੀਰਾਂ ਨੂੰ ਵਿਜੈ ਤਿਲਕ ਲਗਾਏ ਸਨ। ਇਸ ਦਿਨ ਹੀ ਵਿਸ਼ਕਰਮਾ ਦਾ ਜਨਮ ਹੋਇਆ ਸੀ ਜੋ ਸ਼ਿਲਪ-ਕਲਾ ਦਾ ਦੇਵਤਾ ਹੈ। ਇਸ ਦਿਨ ਸਾਰੇ ਸ਼ਿਲਪਕਾਰ ਆਪਣੇ ਸੰਦਾਂ ਤੇ ਔਜਾਰਾਂ ਨੂੰ ਧੋ ਕੇ, ਤੇਲ ਲਾ ਕੇ ਰਾਜ ਤੇ ਬਿਠਾਉਂਦੇ ਹਨ ਅਤੇ ਇਸ ਦਿਨ ਉਨ੍ਹਾਂ ਨਾਲ ਕੰਮ ਨਹੀਂ ਕਰਦੇ।

"ਅਸਲ ਵਿੱਚ ਇਹ ਕਿਰਤ, ਸ਼ਿਲਪ-ਸੰਦਾਂ ਤੇ ਸ਼ਿਲਪ ਦੀ ਪੂਜਾ ਦਾ ਤਿਉਹਾਰ ਹੈ, ਜਿਨ੍ਹਾਂ ਸੰਦਾਂ ਨੇ ਸਮੁੱਚੇ ਸਮਾਜ ਨੂੰ ਸੁਰੱਖਿਅਤ ਸੁੰਦਰ ਤੇ ਸੁਹਾਵਣਾ ਬਣਾਉਣਾ ਹੈ।"

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਮਨਸੁਖ ਦਾ ਸੰਗਲਾ ਦੀਪ ਪੁੱਜਣਾ

ਸਤਿਗੁਰੂ ਜੀ ਨੇ ਵੇਈਂ ਨਦੀ ਵਿਚ ਟੁਭੀ ਮਾਰੀ, ਕਿਤਨੇ ਦਿਨਾਂ ਪਿਛੋਂ ਬਾਹਰ ਨਿਕਲੇ। ਦਰਸ਼ਨਾਂ ਲਈ ਬਹੁਤ ਸ਼ਰਧਾਲੂ ਆਏ। ਭਾਈ ਮਨਸੁਖ ਭੀ ਲਾਹੌਰ ਤੋਂ ਦਰਸ਼ਨਾਂ ਲਈ ਸੁਲਤਾਨਪੁਰ ਆਏ, ਡੰਡੌਤ ਕੀਤੀ, ਦਰਸ਼ਨ ਕਰਕੇ ਬੜੇ ਨਿਹਾਲ ਹੋਏ। ਸਤਿਗੁਰਾਂ ਨੇ ਸੁਖ ਸਾਂਦ ਪੁੱਛੀ। ਫਿਰ ਗੁਰਬਾਣੀ ਦੇ ਕਈ ਸੁੰਦਰ ਉਪਦੇਸ਼ ਦਿੱਤੇ। ਕਈ ਦਿਨ ਠਹਿਰਨ ਪਿਛੋਂ ਮਨਸੁਖ ਨੇ ਹੱਥ ਜੋੜ ਕੇ ਬੇਨਤੀ ਕੀਤੀ-ਪਾਤਸ਼ਾਹ! ਮੈਂ ਆਪ ਜੀ ਦੀ ਆਗਿਆ ਨਾਲ ਬਹੁਤ ਸਾਰਾ ਮਾਲ ਲੈ ਕੇ ਸੰਗਲਾ ਦੀਪ ਜਾਣਾ ਚਾਹੁੰਦਾ ਹਾਂ। ਕੁੱਝ ਸੁੰਦਰ ਸ਼ਬਦ ਆਪਣੀ ਰਸਨਾ ਤੋਂ ਉਚਾਰਨ ਕਰੋ ਜੋ ਮੈਂ ਲਿਖ ਲਵਾਂ। ਨੇਮ ਨਾਲ ਉਹ ਸ਼ਬਦ ਪੜ੍ਹਿਆ ਕਰਾਂਗਾ, ਜਿਨ੍ਹਾਂ ਸ਼ਬਦਾਂ ਦੇ ਪੜ੍ਹਨ ਨਾਲ ਆਪ ਜੀ ਦਾ ਪ੍ਰੇਮ ਵਧੇਗਾ। ਸਤਿਗੁਰੂ ਜੀ ਨੇ ਭਾਈ ਮਨਸੁਖ ਨੂੰ ਹੋਰ ਸੁੰਦਰ ਬਾਣੀ ਲਿਖ ਦਿੱਤੀ, ਜਿਸ ਬਾਣੀ ਦੇ ਪੜ੍ਹਨ ਨਾਲ ਭਗਤੀ ਵਿਚ ਵਾਧਾ ਹੁੰਦਾ ਹੈ।

ਫਿਰ ਸ਼ੁਭ ਸਿੱਖਿਆ ਦਿੱਤੀ ਕਿ ਪਹਿਰ ਰਾਤ ਰਹਿੰਦਿਆਂ ਪਾਣੀ ਨਾਲ ਇਸ਼ਨਾਨ ਕਰਨਾ, ਫਿਰ ਬਾਣੀ ਪੜ੍ਹਨੀ। ਫਿਰ ਦਿਨ ਚੜ੍ਹੇ ਕੜਾਹ ਪ੍ਰਸ਼ਾਦ ਕਰਕੇ, ਦੋਵੇਂ ਹੱਥ ਜੋੜ ਕੇ ਅਰਦਾਸ ਕਰਨੀ, ਤੇ ਉਹ ਪ੍ਰਸ਼ਾਦ ਪਹਿਲਾਂ ਹੋਰਨਾਂ ਨੂੰ ਵੰਡ ਕੇ ਫਿਰ ਆਪ ਛਕਣਾ। ਫਿਰ ਦਿਨ ਚੜ੍ਹੇ ਆਪਣੇ ਵਪਾਰ ਨੂੰ ਮਨ ਲਾ ਕੇ ਕਰਨਾ। ਆਪਣੀ ਬੁੱਧੀ ਨੂੰ ਭਗਤੀ ਵਿਚ ਡਬੋ ਰੱਖਣਾ। ਭਾਈ ਮਨਸੁਖ ਨੇ ਸਤਿਗੁਰਾਂ ਦਾ ਉਪਦੇਸ਼ ਲੈ ਲਾਹੌਰ ਆ ਕੇ ਸੰਗਲਾ ਦੀਪ ਜਾਣ ਲਈ ਮਾਲ ਪਾਇਆ। ਆਪ ਭੀ ਨਾਲ ਹੀ ਚੱਲ ਪਿਆ। ਕੁਦਰਤ ਦੀ ਖੇਲ, ਸਮੁੰਦਰ ਵਿਚ ਜਹਾਜ਼ ਰੁਕ ਗਿਆ। ਸਤਿਗੁਰਾਂ ਦਾ ਧਿਆਨ ਕੀਤਾ, ਅਰਦਾਸ ਕੀਤੀ, ਜਹਾਜ਼ ਬੰਨੇ ਲੱਗ ਗਿਆ। ਸਤਿਗੁਰਾਂ ਦਾ ਧੰਨਵਾਦ ਕੀਤਾ। ਮਨਸੁਖ ਉੱਥੇ ਪੁੱਜ ਗਿਆ ਜਿਸ ਨਗਰੀ ਦਾ ਰਾਜਾ ਸ਼ਿਵਨਾਭ ਸੀ। ਮਾਲ ਉਤਾਰਿਆ। ਚੰਗੀ ਜਗ੍ਹਾ ਦੇਖ ਕੇ ਡੇਰਾ ਕੀਤਾ।

ਤਲਵੰਡੀ ਵਿਚ ਜਹਾਜ਼ ਬੰਨੇ ਪਾਉਣ ਦੀ ਦਾਸੀ ਨੂੰ ਖ਼ਬਰ

ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਚੱਲ ਕੇ, ਭਾਈ ਲਾਲੋ ਨੂੰ ਨਿਹਾਲ ਕਰਕੇ, ਏਮਨਾਬਾਦ ਤੋਂ ਤਲਵੰਡੀ ਪੁੱਜੇ। ਰਾਇ ਬੁਲਾਰ ਨੂੰ ਮਿਲੇ, ਜਿਸ ਨੂੰ ਉਡੀਕਾਂ ਲੱਗੀਆਂ ਹੋਈਆਂ ਸਨ। ਦਰਸ਼ਨ ਕਰਕੇ ਗਦ-ਗਦ ਹੋ ਗਿਆ। ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਆਦਿ ਸਾਰੇ ਪਰਿਵਾਰ ਨੂੰ ਮਿਲੇ। ਮਾਤਾ ਨੇ ਆਪਣੇ ਪਿਆਰੇ ਪੁੱਤਰ ਲਈ ਪ੍ਰਸ਼ਾਦਾ ਤਿਆਰ ਕੀਤਾ। ਸਤਿਗੁਰੂ ਜੀ ਕੁੱਝ ਅਰਾਮ ਕਰ ਰਹੇ ਸਨ। ਪ੍ਰਸ਼ਾਦਾ ਤਿਆਰ ਹੋਣ ਤੇ ਦਾਸੀ ਨੂੰ ਕਿਹਾ ਕਿ ਲਾਲ ਜੀ ਨੂੰ ਬੁਲਾ ਲਿਆ ਤਾਂਕਿ ਪ੍ਰਸ਼ਾਦਾ ਠੰਢਾ ਨਾ ਹੋ ਜਾਵੇ। ਦਾਸੀ ਗਈ ਸੁੱਤਿਆ ਨੂੰ ਉਠਾਉਣ ਦੀ ਹਿੰਮਤ ਨਾ ਪਈ। ਇਕ ਚਰਨ ਨੰਗਾ ਸੀ। ਸਿਆਣਪ ਕੀਤੀ, ਹੱਥ ਨਾ ਲਾਇਆ ਤੇ ਜ਼ਬਾਨ ਨਾਲ ਚਰਨ ਚੱਟਿਆ। ਚਰਨ ਚੱਟਦਿਆਂ ਹੀ, ਜੰਗਲਾਂ ਦੀ, ਪਹਾੜਾਂ ਦੀ, ਪਿੰਡਾਂ ਦੀ ਸਭ ਥਾਂ ਦੀ ਬਲਕਿ ਤਿੰਨੇ ਲੋਕਾਂ ਦੀ ਦਾਸੀ ਨੂੰ ਖ਼ਬਰ ਹੋ ਗਈ। ਦਾਸੀ ਮਾਤਾ ਨੂੰ ਜਾ ਕੇ ਕਹਿਣ ਲੱਗੀ ਕਿ ਮੈਂ ਉਨ੍ਹਾਂ ਨੂੰ ਜਗਾਇਆ ਨਹੀਂ, ਉਹ ਸਮੁੰਦਰ ਵਿਚ ਸਿੱਖ ਦਾ ਜਹਾਜ਼ ਕਿਨਾਰੇ ਲਾਣ ਗਏ ਹੋਏ ਹਨ। ਜਦੋਂ ਉਹ ਸਿੱਖ ਦਾ ਜਹਾਜ਼ ਬੰਨੇ ਲਾਣ ਦਾ ਕੰਮ ਕਰ ਲੈਣਗੇ, ਫਿਰ ਮੈਂ ਉਨ੍ਹਾਂ ਨੂੰ ਜਗਾਵਾਂਗੀ। ਮਾਤਾ ਜੀ ਮੈਂ ਸੱਚ ਕਹਿੰਦੀ ਹਾਂ, ਇਸ ਵਿਚ ਰਤੀ ਭਰ ਭੀ ਝੂਠ ਨਹੀਂ। ਮਾਤਾ ਤ੍ਰਿਪਤਾ ਨੇ ਆਪ ਜਗਾ ਕੇ ਪ੍ਰਸ਼ਾਦ ਛਕਾਇਆ ਤੇ ਫਿਰ ਕਿਹਾ ਕਿ ਪੁੱਤਰ, 'ਤੇਰੀ ਅਵਸਥਾ ਵੇਖ ਕੇ ਦਾਸੀ ਭੀ ਮੈਨੂੰ ਦੱਸਦੀ ਹੈ ਕਿ ਮੈਂ ਨਹੀਂ ਉਨ੍ਹਾਂ ਨੂੰ ਜਗਾਉਣਾ, ਉਹ ਸਿੱਖ ਦਾ ਸਮੁੰਦਰ ਵਿਚ ਜਹਾਜ਼ ਬੰਨੇ ਲਾਉਣ ਲਈ ਗਏ ਹੋਏ ਹਨ। ਮਾਤਾ ਦਾ ਬਚਨ ਸੁਣ ਕੇ ਸਤਿਗੁਰੂ ਕਹਿਣ ਲੱਗੇ ਕਿ ਇਹ ਦਾਸੀ ਕਮਲੀ ਹੈ, ਝੱਲੀ ਹੈ। ਇਸ ਦੇ ਬਚਨ ਇਸੇ ਤਰ੍ਹਾਂ ਦੇ ਹੁੰਦੇ ਹਨ। ਇਸ ਦਾ ਕਿਹਾ ਤੁਸੀਂ ਨਹੀਂ ਮੰਨਣਾ ਇਤਨੇ ਬਚਨ ਕਹਿਣ ਦੀ ਦੇਰ ਸੀ ਕਿ ਦਾਸੀ ਝੱਲੀ ਹੋ ਗਈ। ਜਿਤਨਾ ਚਿਰ ਜਿਊਂਦੀ ਰਹੀ, ਝੱਲੀ ਹੀ ਰਹੀ। ਭਾਈ ਮਨਸੁਖ ਦੇ ਉਸ ਜਹਾਜ਼ ਦੀ ਖ਼ਬਰ ਇਸੇ ਦਾਸੀ ਨੇ ਦਿੱਤੀ ਸੀ ਜਿਹੜਾ ਸਤਿਗੁਰਾਂ ਬੰਨੇ ਲਾਇਆ ਸੀ।

ਚਲਦਾ

ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

ਸਹੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

ਭੋਲਥ ਦੇ ਵੋਟਰ ਬੀਬੀ ਜਗੀਰ ਕੌਰ ਨੂੰ 2027 ਵਿੱਚ ਇੱਕ ਮੌਕਾ ਦੇਣ



ਪੰਜਾਬ ਦੀ ਸਿਆਸਤ ਵਿੱਚ ਭੋਲਥ ਹਲਕੇ ਦੀ ਆਪਣੀ ਇੱਕ ਵੱਖਰੀ ਪਛਾਣ ਹੈ। ਇਹ ਹਲਕਾ ਸਿਰਫ ਚੋਣਾਂ ਜਿੱਤਣ ਜਾਂ ਹਾਰਨ ਦਾ ਮੈਦਾਨ ਨਹੀਂ, ਸਗੋਂ ਇੱਥੋਂ ਦੀ ਸਿਆਸਤ ਵਿੱਚ ਲੰਬੇ ਸਮੇਂ ਤੋਂ ਸੇਵਾ, ਸਮਾਜਿਕ ਪਹੁੰਚ ਅਤੇ ਲੋਕਾਂ ਨਾਲ ਨਿੱਜੀ ਸੰਪਰਕ ਦੀ ਵੀ ਆਪਣੀ ਮਹੱਤਤਾ ਰਹੀ ਹੈ। ਇਸੇ ਪ੍ਰਸੰਗ ਵਿੱਚ 2027 ਦੀ ਵਿਧਾਨ ਸਭਾ ਚੋਣ ਲਈ ਭੋਲਥ ਦੇ ਵੋਟਰਾਂ ਨੂੰ ਬੀਬੀ ਜਗੀਰ ਕੌਰ ਨੂੰ ਇੱਕ ਹੋਰ ਮੌਕਾ ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਬੀਬੀ ਜਗੀਰ ਕੌਰ ਦਾ ਭੋਲਥ ਨਾਲ ਰਿਸ਼ਤਾ ਅੱਜ ਦਾ ਨਹੀਂ। ਉਹ 1997 ਵਿੱਚ ਪਹਿਲੀ ਵਾਰ ਇਸ ਹਲਕੇ ਤੋਂ ਵਿਧਾਇਕ ਬਣੀ ਅਤੇ 2002 ਅਤੇ 2012 ਵਿੱਚ ਵੀ ਜਿੱਤ ਹਾਸਲ ਕੀਤੀ। 2012 ਦੀ ਚੋਣ ਵਿੱਚ ਉਨ੍ਹਾਂ ਨੇ 49,392 ਵੋਟਾਂ ਹਾਸਲ ਕਰਕੇ ਆਪਣੇ ਮੁੱਖ ਵਿਰੋਧੀ ਨੂੰ 7,005 ਵੋਟਾਂ ਦੇ ਫਰਕ ਨਾਲ ਹਰਾਇਆ ਸੀ।

ਇਹ ਵੀ ਹਕੀਕਤ ਹੈ ਕਿ 2017 ਵਿਚ ਯੁਵਰਾਜ ਭੁਪਿੰਦਰ ਸਿੰਘ ਅਤੇ 2022 ਵਿੱਚ ਬੀਬੀ ਜਗੀਰ ਕੌਰ ਨੂੰ ਸੁਖਪਾਲ ਸਿੰਘ ਖਹਿਰਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਕਈ ਪਾਰਟੀਆਂ ਬਦਲੀਆਂ ਇਥੋਂ ਤੱਕ ਕਿ ਆਪਣੀ ਵੱਖਰੀ ਪਾਰਟੀ ਵੀ ਬਣਾਈ, ਅਤੇ ਭੋਲਥ ਨੂੰ ਜੇਬ ਵਿਚ ਰੱਖ ਕੇ ਬਠਿੰਡੇ ਤੋਂ ਲੋਕ ਸਭਾ ਚੋਣ ਵੀ ਜਾ ਲੜੀ। ਉਥੇ ਜ਼ਮਾਨਤ ਜਬਤ ਹੋ ਗਈ। ਫਿਰ ਮੁੜ ਮੁੱਖ ਮੰਤਰੀ ਰਾਜਾ ਅਮਰਿੰਦਰ ਸਿੰਘ ਦੇ ਘਰ ਦੇ ਬਾਹਰ ਹੈਲੀਪੈਡ ਤੋਂ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਬਤੋਰ ਵਿਧਾਇਕ ਭੋਲਥ ਹਲਕੇ ਲਈ ਇਕ ਵੀ ਗਿਨਾਉਣ ਯੋਗ ਪ੍ਰਾਪਤੀ ਨਹੀ ਪ੍ਰਾਪਤ ਕਰ ਸਕੇ। ਇਹ ਫੈਸਲਾ ਹੁਣ ਭੋਲਥ ਦੇ ਵੋਟਰਾਂ ਦੇ ਹੱਥ ਹੈ ਕਿ ਉਹ ਆਪਣਾ ਭਵਿੱਖ ਕਿਸ ਦੇ ਹੱਥ ਵਿਚ ਸੁਰੱਖਿਅਤ ਸਮਝਦੇ ਹਨ। ਇਸ ਲਈ 2027 ਵਿੱਚ ਬੀਬੀ ਜਗੀਰ ਕੌਰ ਨੂੰ ਮੌਕਾ ਦੇਣ ਦੀ ਗੱਲ ਸਿਰਫ ਪੁਰਾਣੀ ਲੋਕਪ੍ਰਿਯਤਾ ਦੇ ਆਧਾਰ 'ਤੇ ਨਹੀਂ ਹੋਣੀ ਚਾਹੀਦੀ। ਵੋਟਰਾਂ ਨੂੰ ਇਹ ਵੀ ਦੇਖਣਾ ਹੋਵੇਗਾ ਕਿ ਪਿਛਲੇ ਸਮੇਂ ਵਿੱਚ ਉਨ੍ਹਾਂ ਨੇ ਹਲਕੇ ਲਈ ਕੀ ਕੀਤਾ, ਅੱਜ ਉਨ੍ਹਾਂ ਦੀ ਲੋਕਾਂ ਤੱਕ ਪਹੁੰਚ ਕਿੰਨੀ ਹੈ ਅਤੇ ਭਵਿੱਖ ਲਈ ਉਨ੍ਹਾਂ ਕੋਲ ਭੋਲਥ ਵਾਸਤੇ ਕੀ ਸਪੱਸ਼ਟ ਏਜੰਡਾ ਹੈ।

ਅੱਜ ਪੰਜਾਬ ਦੀ ਸਿਆਸਤ ਤੇਜ਼ੀ ਨਾਲ ਬਦਲ ਰਹੀ ਹੈ ਅਤੇ 2027 ਦੀ ਚੋਣ ਲਈ ਹਰ ਹਲਕੇ ਵਿੱਚ ਮੁਕਾਬਲਾ ਹੋਰ ਤਿੱਖਾ ਹੋਣ ਦੀ ਸੰਭਾਵਨਾ ਹੈ। ਅਜਿਹੇ ਸਮੇਂ ਵਿੱਚ ਭੋਲਥ ਦੇ ਵੋਟਰਾਂ ਨੂੰ ਜਾਤ, ਧੜੇ ਜਾਂ ਨਿੱਜੀ ਵਿਰੋਧ ਦੀ ਥਾਂ ਉਮੀਦਵਾਰ ਦੀ ਯੋਗਤਾ, ਤਜ਼ਰਬੇ, ਇਮਾਨਦਾਰੀ, ਲੋਕਾਂ ਨਾਲ ਸੰਪਰਕ ਅਤੇ ਹਲਕੇ ਦੇ ਵਿਕਾਸ ਲਈ ਉਸ ਦੀ ਦ੍ਰਿਸ਼ਟੀ ਨੂੰ ਪਹਿਲ ਦੇਣੀ ਚਾਹੀਦੀ ਹੈ।

ਬੀਬੀ ਜਗੀਰ ਕੌਰ ਦੇ ਹੱਕ ਵਿੱਚ ਸਭ ਤੋਂ ਵੱਡੀ ਗੱਲ ਉਨ੍ਹਾਂ ਦਾ ਲੰਬਾ ਸਿਆਸੀ ਅਤੇ ਸਮਾਜਿਕ ਤਜ਼ਰਬਾ ਹੈ। ਉਹ ਸਿਰਫ ਭੋਲਥ ਦੀ ਵਿਧਾਇਕ ਹੀ ਨਹੀਂ ਰਹੇ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਮਹਿਲਾ ਪ੍ਰਧਾਨ ਵੀ ਰਹੇ ਹਨ।

ਪਰ 2027 ਵਿੱਚ ਵੋਟਰਾਂ ਸਾਹਮਣੇ ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ "ਕੌਣ ਪੁਰਾਣਾ ਹੈ?" ਸਵਾਲ ਇਹ ਹੋਣਾ ਚਾਹੀਦਾ ਹੈ ਕਿ "ਕੌਣ ਭੋਲਥ ਦਾ ਭਵਿੱਖ ਬਿਹਤਰ ਬਣਾ ਸਕਦਾ ਹੈ?"

ਜੇ ਬੀਬੀ ਜਗੀਰ ਕੌਰ ਲੋਕਾਂ ਸਾਹਮਣੇ ਹਲਕੇ ਦੇ ਵਿਕਾਸ, ਨੌਜਵਾਨਾਂ ਲਈ ਰੁਜ਼ਗਾਰ, ਸਿੱਖਿਆ, ਸਿਹਤ, ਪਿੰਡਾਂ ਦੀਆਂ ਸੜਕਾਂ, ਪਾਣੀ-ਸੀਵਰੇਜ ਅਤੇ ਕਿਸਾਨੀ ਨਾਲ ਜੁੜੇ ਮੁੱਦਿਆਂ ਬਾਰੇ ਸਪੱਸ਼ਟ ਅਤੇ ਅਮਲਯੋਗ ਪ੍ਰੋਗਰਾਮ ਰੱਖਦੀਆਂ ਹਨ, ਤਾਂ ਭੋਲਥ ਦੇ ਵੋਟਰਾਂ ਵੱਲੋਂ ਉਨ੍ਹਾਂ ਨੂੰ "ਇੱਕ ਹੋਰ ਮੌਕਾ" ਦੇਣ ਦੀ ਮੰਗ ਨੂੰ ਗੰਭੀਰਤਾ ਨਾਲ ਦੇਖਿਆ ਜਾ ਸਕਦਾ ਹੈ।

ਆਖਰ ਵਿੱਚ ਫੈਸਲਾ ਕਿਸੇ ਪਾਰਟੀ, ਪਰਿਵਾਰ ਜਾਂ ਧੜੇ ਦਾ ਨਹੀਂ ਭੋਲਥ ਦੇ ਵੋਟਰਾਂ ਦਾ ਹੋਵੇਗਾ। ਲੋਕਤੰਤਰ ਵਿੱਚ ਕਿਸੇ ਵੀ ਆਗੂ ਨੂੰ ਮੁੜ ਮੌਕਾ ਦੇਣਾ ਵੀ ਵੋਟਰਾਂ ਦਾ ਹੱਕ ਹੈ ਅਤੇ ਉਸ ਨੂੰ ਨਕਾਰਨਾ ਵੀ। ਪਰ ਜੇ

ਬੀਬੀ ਜਗੀਰ ਕੌਰ ਆਪਣੇ ਪੁਰਾਣੇ ਤਜ਼ਰਬੇ ਨੂੰ ਨਵੀਂ ਸੋਚ ਅਤੇ ਨਵੇਂ ਵਿਕਾਸ ਏਜੰਡੇ ਨਾਲ ਜੋੜ ਸਕਣ, ਤਾਂ 2027 ਵਿੱਚ ਭੋਲਥ ਉਨ੍ਹਾਂ ਲਈ ਮੁੜ ਇੱਕ ਵੱਡੀ ਸਿਆਸੀ ਵਾਪਸੀ ਦਾ ਦਰਵਾਜ਼ਾ ਖੋਲ੍ਹ ਸਕਦਾ ਹੈ।

ਚੀਫ ਜਸਟਿਸ ਦੀ ਨਿਯੁਕਤੀ 'ਤੇ ਸਵਾਲ ਪੰਜਾਬ ਸਰਕਾਰ ਕੀ ਖੱਟੇਗੀ?

ਪੰਜਾਬ ਸਰਕਾਰ ਨੇ ਇਸ ਮਾਮਲੇ ਨੂੰ ਸਿਰਫ ਇੱਕ ਜੱਜ ਦੀ ਨਿਯੁਕਤੀ ਦਾ ਮਾਮਲਾ ਨਾ ਬਣਾ ਕੇ ਪੰਜਾਬ ਦੇ ਅਧਿਕਾਰਾਂ ਅਤੇ ਕੇਂਦਰ-ਰਾਜ ਸੰਬੰਧਾਂ



ਦਾ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਦਾ ਦਾਅਵਾ ਹੈ ਕਿ ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਦੀ ਪ੍ਰਕਿਰਿਆ ਵਿੱਚ ਸੂਬਾ ਸਰਕਾਰ ਦੇ ਵਿਚਾਰ ਲੈਣੇ ਜ਼ਰੂਰੀ ਸਨ ਅਤੇ ਕੇਂਦਰ ਨੇ ਉਨ੍ਹਾਂ ਦੀ ਉਡੀਕ ਨਹੀਂ ਕੀਤੀ।

ਪਰ ਇੱਥੇ ਇੱਕ ਬੁਨਿਆਦੀ ਸਵਾਲ ਵੀ ਖੜ੍ਹਾ ਹੁੰਦਾ ਹੈਕੀ ਪੰਜਾਬ ਸਰਕਾਰ ਕੋਲ ਮੁੱਖ ਜੱਜ ਦੀ ਨਿਯੁਕਤੀ ਨੂੰ ਰੋਕਣ ਜਾਂ ਆਪਣੀ ਪਸੰਦ ਦਾ ਜੱਜ ਲਗਵਾਉਣ ਦਾ ਅਧਿਕਾਰ ਹੈ?

ਕੇਂਦਰ ਦੇ ਕਾਨੂੰਨ ਮੰਤਰਾਲੇ ਵੱਲੋਂ ਇਸ ਦੇ ਉਲਟ ਦਲੀਲ ਦਿੱਤੀ ਗਈ ਹੈ ਕਿ ਪੰਜਾਬ ਦੀ ਸਹਿਮਤੀ ਲਾਜ਼ਮੀ ਨਹੀਂ ਸੀ। ਦੂਜੇ ਪਾਸੇ, ਪੰਜਾਬ ਸਰਕਾਰ ਨੇ Memorandum of Procedure ਦੀ ਧਾਰਾ 6 ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਸੂਬੇ ਦੇ ਵਿਚਾਰ ਲੈਣ ਦੀ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕੀਤਾ ਗਿਆ।

ਇਸ ਲਈ ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਕਾਨੂੰਨੀ ਬਹਿਸ ਦੇ ਨਾਲ-ਨਾਲ ਕੇਂਦਰ-ਰਾਜ ਟਕਰਾਅ ਦਾ ਨਵਾਂ ਮੋਰਚਾ ਬਣ ਸਕਦਾ ਹੈ।

ਪਰ ਪੰਜਾਬ ਸਰਕਾਰ ਲਈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਿਆਸੀ ਤੌਰ 'ਤੇ ਉਹ ਇਸ ਮਾਮਲੇ ਤੋਂ ਕੀ ਖੱਟੇਗੀ?

ਜੇ ਸਰਕਾਰ ਇਸਨੂੰ ਪੰਜਾਬ ਦੇ ਹੱਕਾਂ ਦੀ ਰੱਖਿਆ ਦਾ ਮੁੱਦਾ ਬਣਾਉਂਦੀ ਹੈ ਅਤੇ ਸੰਵਿਧਾਨਕ ਤਰੀਕੇ ਨਾਲ ਆਪਣੀ ਗੱਲ ਰੱਖਦੀ ਹੈ ਤਾਂ ਇਸ ਨੂੰ ਸਿਆਸੀ ਲਾਭ ਮਿਲ ਸਕਦਾ ਹੈ। ਪਰ ਜੇ ਇਹ ਮਾਮਲਾ ਸਿਰਫ ਕੇਂਦਰ ਨਾਲ ਟਕਰਾਅ ਅਤੇ ਰਾਜਨੀਤਕ ਬਿਆਨਬਾਜੀ ਤੱਕ ਸੀਮਤ ਰਹਿ ਗਿਆ ਤਾਂ ਲੋਕ ਪੁੱਛਣਗੇ ਇਸ ਲੜਾਈ ਦਾ ਪੰਜਾਬ ਦੇ ਆਮ ਆਦਮੀ ਨੂੰ ਕੀ ਲਾਭ ਹੋਇਆ?

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਹਾਈ ਕੋਰਟ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਸਿਆਸੀ ਖਿੱਚੋਤਾਣ ਤੋਂ ਉੱਪਰ ਰੱਖਣਾ ਚਾਹੀਦਾ ਹੈ। ਮੁੱਖ ਜੱਜ ਕੌਣ ਹੋਵੇ, ਇਸ ਨਾਲੋਂ ਵੱਡਾ ਸਵਾਲ ਇਹ ਹੈ ਕਿ ਨਿਆਂ ਪ੍ਰਣਾਲੀ ਨਿਰਪੱਖ, ਮਜਬੂਤ ਅਤੇ ਲੋਕਾਂ ਦਾ ਭਰੋਸਾ ਕਾਇਮ ਰੱਖਣ ਵਾਲੀ ਹੋਵੇ।


ਇਸ ਲਈ ਪੰਜਾਬ ਸਰਕਾਰ ਨੂੰ ਹੁਣ ਸਿਰਫ "ਵਿਰੋਧ" ਕਰਨ ਦੀ ਬਜਾਏ ਸਪੱਸ਼ਟ ਕਾਨੂੰਨੀ ਆਧਾਰ ਨਾਲ ਆਪਣਾ ਪੱਖ ਰੱਖਣਾ ਚਾਹੀਦਾ ਹੈ। ਨਹੀਂ ਤਾਂ ਇਹ ਮਾਮਲਾ ਪੰਜਾਬ ਦੇ ਹੱਕਾਂ ਦੀ ਲੜਾਈ ਨਾਲੋਂ ਵੱਧ ਇੱਕ ਹੋਰ ਸਿਆਸੀ ਟਕਰਾਅ ਵਜੋਂ ਹੀ ਦੇਖਿਆ ਜਾਵੇਗਾ।

ਅਖੀਰ ਵਿੱਚ ਸਵਾਲ ਇਹ ਨਹੀਂ ਕਿ ਪੰਜਾਬ ਸਰਕਾਰ ਨੇ ਕੇਂਦਰ ਨੂੰ ਕਿੰਨਾ ਘੇਰਿਆ; ਸਵਾਲ ਇਹ ਹੈ ਕਿ ਇਸ ਟਕਰਾਅ ਨਾਲ ਪੰਜਾਬ ਦੇ ਸੰਵਿਧਾਨਕ ਹੱਕ ਕਿੰਨੇ ਮਜਬੂਤ ਹੋਏ।

ਕੀ ਸਚਿਨ ਪਾਇਲਟ ਕਢ ਸਕਣਗੇ ਪੰਜਾਬ ਕਾਂਗਰਸ ਦੀ ਗਿਦੜ- ਖੋਹੀ ਦਾ ਕੋਈ ਹਲ

ਹਾਂ, ਸਚਿਨ ਪਾਇਲਟ ਕੋਲ ਪੰਜਾਬ ਕਾਂਗਰਸ ਦੀ "ਗਿੱਦੜ-ਖੋਹੀ" ਖਤਮ ਕਰਨ ਦਾ ਮੌਕਾ ਜ਼ਰੂਰ ਹੈ, ਪਰ ਇਹ ਕੰਮ ਸਿਰਫ ਕਿਸੇ ਇੱਕ ਨੇਤਾ ਨੂੰ ਮਿਲਾਉਣ ਨਾਲ ਨਹੀਂ ਹੋਵੇਗਾ। 5 ਸਤੰਬਰ 2026 ਨੂੰ ਕਾਂਗਰਸ ਹਾਈਕਮਾਂਡ ਨੇ ਭੂਪੇਸ਼ ਬਘੇਲ ਦੀ ਥਾਂ ਪਾਇਲਟ ਨੂੰ ਪੰਜਾਬ ਦਾ AICC ਇੰਚਾਰਜ ਬਣਾਇਆ ਹੈ। ਇਹ ਫੈਸਲਾ ਪੰਜਾਬ ਕਾਂਗਰਸ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਧੜੇਬੰਦੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਇਆ ਹੈ।

ਪਾਇਲਟ ਦੀ ਸਭ ਤੋਂ ਵੱਡੀ ਚੁਣੌਤੀ ਕੀ ਹੈ? - ਪੰਜਾਬ ਕਾਂਗਰਸ ਵਿੱਚ ਮੁੱਖ ਟਕਰਾਅ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਧੜੇ ਅਤੇ ਚਰਨਜੀਤ





ਸਿੰਘ ਚੰਨੀ ਨਾਲ ਜੁੜੇ ਆਗੂਆਂ ਵਿਚਕਾਰ ਦਿਖਾਈ ਦੇ ਰਿਹਾ ਹੈ। ਜੁਲਾਈ ਵਿੱਚ ਵੜਿੰਗ ਨੂੰ PCC ਪ੍ਰਧਾਨ ਬਣਾਈ ਰੱਖਣ ਅਤੇ ਚੰਨੀ ਨੂੰ ਕੈਂਪੇਨ ਕਮੇਟੀ ਦੀ ਜ਼ਿੰਮੇਵਾਰੀ ਦੇਣ ਤੋਂ ਬਾਅਦ ਤਣਾਅ ਹੋਰ ਵਧਿਆ।

ਪਾਇਲਟ ਲਈ ਅਸਲ ਇਮਤਿਹਾਨ ਇਹ ਨਹੀਂ ਕਿ ਉਹ ਦੋਵੇਂ ਧੜਿਆਂ ਨੂੰ ਇੱਕ ਮੰਚ 'ਤੇ ਬਿਠਾ ਦਿੰਦੇ ਹਨ, ਸਗੋਂ ਇਹ ਹੈ ਕਿ ਉਹ ਉਨ੍ਹਾਂ ਨੂੰ ਟਿਕਟਾਂ ਦੀ ਵੰਡ ਤੱਕ ਇਕੱਠੇ ਰੱਖ ਸਕਣ। ਕਿਉਂਕਿ ਚੋਣਾਂ ਨੇੜੇ ਆਉਂਦਿਆਂ ਧੜੇਬੰਦੀ ਮੁੜ ਭੜਕਣ ਦਾ ਖ਼ਤਰਾ ਸਭ ਤੋਂ ਵੱਧ ਟਿਕਟਾਂ ਸਮੇਂ ਹੋਵੇਗਾ।

ਪਾਇਲਟ ਕਾਮਯਾਬ ਕਿਵੇਂ ਹੋ ਸਕਦੇ ਹਨ?

- ਮੇਰੇ ਵਿਚਾਰ ਵਿੱਚ ਉਨ੍ਹਾਂ ਨੂੰ ਤਿੰਨ ਕੰਮ ਤੁਰੰਤ ਕਰਨੇ ਚਾਹੀਦੇ ਹਨ :

1. ਕਿਸੇ ਇੱਕ ਧੜੇ ਦੇ ਨਹੀਂ, ਕਾਂਗਰਸ ਦੇ ਇੰਚਾਰਜ ਬਣਨ।

2. ਵੱਡੇ ਆਗੂਆਂ ਦੀਆਂ ਨਿੱਜੀ ਲੜਾਈਆਂ ਦੀ ਬਜਾਏ ਜ਼ਮੀਨੀ ਵਰਕਰ ਅਤੇ ਸੰਗਠਨ ਨੂੰ ਕੇਂਦਰ ਵਿੱਚ ਲਿਆਉਣ।

3. ਮੁੱਖ ਮੰਤਰੀ ਦੇ ਚਿਹਰੇ ਅਤੇ ਅਹੁਦਿਆਂ ਦੀ ਲੜਾਈ ਤੋਂ ਪਹਿਲਾਂ 2027 ਦੀ ਚੋਣ ਜਿੱਤਣ ਲਈ ਸਾਂਝੀ ਰਣਨੀਤੀ ਤਿਆਰ ਕਰਨ।

ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਪਾਇਲਟ ਦੀ ਨਿਯੁਕਤੀ ਨੂੰ ਦੋਵੇਂ ਪਾਸਿਆਂ ਵੱਲੋਂ ਸਵਾਗਤ ਮਿਲਿਆ ਹੈ। ਇਹ ਉਨ੍ਹਾਂ ਲਈ ਚੰਗੀ ਸ਼ੁਰੂਆਤ ਹੈ।

ਪਰ ਪੰਜਾਬ ਕਾਂਗਰਸ ਦੀ ਗਿੱਦੜ-ਖੋਹੀ ਦਾ ਅਸਲ ਇਲਾਜ "ਪਾਇਲਟ" ਨਹੀਂ ਸਗੋਂ ਧੜਿਆਂ ਤੋਂ ਉੱਪਰ ਇੱਕ ਸਪੱਸ਼ਟ ਸਿਆਸੀ ਲਾਈਨ, ਅਨੁਸ਼ਾਸਨ ਅਤੇ ਸਾਂਝੀ ਲੀਡਰਸ਼ਿਪ ਹੈ। ਜੇ ਪਾਇਲਟ ਇਹ ਤਿੰਨ ਚੀਜ਼ਾਂ ਲਾਗੂ ਕਰਵਾ ਲੈਂਦੇ ਹਨ ਤਾਂ ਉਹ ਪੰਜਾਬ ਕਾਂਗਰਸ ਨੂੰ ਮੁੜ ਮੁਕਾਬਲੇਯੋਗ ਬਣਾ ਸਕਦੇ ਹਨ; ਨਹੀਂ ਤਾਂ ਉਹ ਵੀ ਪਿਛਲੇ ਇੰਚਾਰਜਾਂ ਵਾਂਗ ਧੜਿਆਂ ਦੇ ਵਿਚਕਾਰ ਵਿਚੋਲੀਆ ਬਣ ਕੇ ਰਹਿ ਜਾਣਗੇ।

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।

ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਅਗਸਤ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਗ੍ਰਾਮੀਨ ਬੈਂਕ ਕਪੂਰਥਲਾ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਗਸਤ ਮਹੀਨੇ ਦੀ ਕੁੱਲ ਆਮਦਨ 4,11,626.58/- ਰੁਪਏ

ਅਗਸਤ ਮਹੀਨੇ ਦਾ ਕੁੱਲ ਖਰਚਾ 3,09,317.26/- ਰੁਪਏ

ਸਮੂਹ ਮੈਂਬਰ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ ਮੁੱਖ-ਮੁੱਖ ਖਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਕਰਮਚਾਰੀਆਂ ਦਾ ਮਹੀਨਾਵਾਰ ਮਾਨਭੱਤਾ	187195.00
ਅੱਗ ਬੁਝਾਉ ਪ੍ਰਣਾਲੀ ਦਾ ਖਰਚ	34675.00
ਪਾਣੀ ਦਾ ਬਿੱਲ	14537.00
ਬਿਜਲੀ ਦਾ ਬਿੱਲ	15614.00
ਭਵਨ ਦੀ ਮੁਰਮੰਤ ਦਾ ਖਰਚਾ	9207.31
ਲੇਖਨ ਸਮਗਰੀ ਦਾ ਖਰਚਾ	2502.76
ਲੁਬਾਣਾ ਸੇਵਕ ਰਸਾਲੇ ਦੀ ਮਹੀਨਾਵਾਰ ਛਪਾਈ ਦਾ ਖਰਚ	6750.00
ਕੱਤਕ ਮਹੀਨੇ ਦੀ ਸੰਗਰਾਂਦ ਅਤੇ ਮਹੀਨਾਵਾਰ ਪ੍ਰੋਹਣਾਚਾਰੀ ਦਾ ਖਰਚਾ	37636.00
ਫ਼ੁੱਟਕਲ ਖਰਚਾ	1200.19
ਕੁੱਲ ਖਰਚਾ	3,09,317.26

2. ਅਗਸਤ (ਭਾਦੋਂ) ਮਹੀਨੇ ਦੀ ਸੰਗਰਾਂਦ ਦਾ ਪਾਵਨ ਸਮਾਗਮ - ਬਾਬਾ ਮੱਖਣ ਸਾਹ ਲਬਾਣਾ ਫਾਊਂਡੇਸਨ, ਚੰਡੀਗੜ੍ਹ ਵਿਖੇ ਭਾਦੋਂ ਦੀ ਸੰਗਰਾਂਦ ਦਾ ਪਾਵਨ ਦਿਹਾੜਾ ਮਿਤੀ 17.08.2026 ਨੂੰ ਬੜੀ ਸ਼ਰਧਾ, ਉਤਸ਼ਾਹ ਅਤੇ ਗੁਰੂ-ਪ੍ਰੇਮ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਮਾਗਮ ਦੀ ਰੌਣਕ ਵਿੱਚ ਵਾਧਾ ਕੀਤਾ। ਫਾਊਂਡੇਸ਼ਨ ਦੇ ਮਾਣਯੋਗ ਪ੍ਰਧਾਨ ਸਾਹਿਬ, ਜਨਰਲ ਸਕੱਤਰ, ਸੀਨੀ. ਵਾਈਸ ਪ੍ਰਧਾਨ ਅਤੇ ਸਮੂਹ ਮੈਨੇਜਮੈਂਟ ਵੱਲੋਂ ਵੀ ਇਸ ਪਾਵਨ ਦਿਹਾੜੇ ਦੇ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਅਤੇ ਸਮਰਪਣ ਦਾ ਪ੍ਰਗਟਾਵਾ ਕੀਤਾ ਗਿਆ। ਇਸ ਪਾਵਨ ਅਵਸਰ 'ਤੇ ਭਾਈ ਤਜਿੰਦਰ ਸਿੰਘ ਜੀ, ਮੋਹਾਲੀ ਵਾਲਿਆਂ ਵੱਲੋਂ ਬੜੇ ਹੀ ਰਸਭਿੰਨੇ ਅਤੇ ਭਾਵਪੂਰਤ ਢੰਗ ਨਾਲ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਉਨ੍ਹਾਂ ਦੇ ਰਸਭਿੰਨੇ ਕੀਰਤਨ ਅਤੇ ਗੁਰਬਾਣੀ ਦੇ ਅੰਮ੍ਰਿਤਮਈ ਸ਼ਬਦਾਂ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਸਮੁੱਚੇ ਵਾਤਾਵਰਨ ਨੂੰ ਅਧਿਆਤਮਿਕ ਰਸ, ਆਨੰਦ ਅਤੇ ਖੁਸ਼ੀ ਨਾਲ ਭਰ ਦਿੱਤਾ। ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਕੀਰਤਨ ਸਰਵਣ ਕੀਤਾ ਅਤੇ ਗੁਰੂ ਸਾਹਿਬ ਦੀਆਂ ਅਪਾਰ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਸਮੁੱਚਾ ਸਮਾਗਮ ਗੁਰੂ-ਜਸ, ਸਿਮਰਨ ਅਤੇ ਸ਼ਰਧਾ ਦੀਆਂ ਭਾਵਨਾਵਾਂ ਨਾਲ ਓਤ-ਪੋਤ ਰਿਹਾ ਅਤੇ ਭਾਦੋਂ ਦੀ ਸੰਗਰਾਂਦ ਦਾ ਇਹ ਪਾਵਨ ਦਿਹਾੜਾ ਸਮੂਹ ਸੰਗਤ ਲਈ ਇੱਕ ਯਾਦਗਾਰ ਅਤੇ ਅਨੰਦਮਈ ਅਨੁਭਵ ਬਣ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲਬਾਣਾ ਫਾਊਂਡੇਸ਼ਨ, ਚੰਡੀਗੜ੍ਹ ਵਿਖੇ ਡੈਂਟਲ ਕਲੀਨਿਕ ਡਾ. ਅਕਸ਼ੈ ਠਾਕੁਰ, ਐਮ.ਡੀ.ਐੱਸ. ਦੀ ਅਗਵਾਈ ਹੇਠ ਬੜੇ ਹੀ ਸੁਚੱਜੇ, ਸੁਚਾਰੂ ਅਤੇ ਪ੍ਰਭਾਵਸਾਲੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਕਲੀਨਿਕ ਵਿਖੇ ਡੈਂਟਲ ਡਾਕਟਰ ਵੱਲੋਂ ਰੋਜ਼ਾਨਾ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਸੰਗਤਾਂ ਲਈ ਸੇਵਾਵਾਂ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਇਸ ਸਹੂਲਤ ਦਾ ਇਲਾਕੇ ਅਤੇ ਨੇੜੇ-ਤੇੜੇ ਦੀਆਂ ਸੰਗਤਾਂ ਵੱਲੋਂ ਵੱਧ-ਚੜ੍ਹ ਕੇ ਲਾਹਾ ਲਿਆ ਜਾ ਰਿਹਾ ਹੈ। ਕਲੀਨਿਕ ਦੀ ਇੱਕ ਵਿਸ਼ੇਸ਼ ਖੂਬੀ ਇਹ ਵੀ ਹੈ ਕਿ ਇੱਥੇ ਦੰਦਾਂ ਨਾਲ ਸਬੰਧਤ ਇਲਾਜ ਦੀ ਲਾਗਤ ਬਹੁਤ ਹੀ ਵਾਜਬ ਅਤੇ ਆਮ ਲੋਕਾਂ ਦੀ ਪਹੁੰਚ ਵਿੱਚ ਰੱਖੀ ਗਈ ਹੈ, ਜਿਸ ਕਾਰਨ ਲੋੜਵੰਦ ਸੰਗਤਾਂ ਨੂੰ ਮਿਆਰੀ ਦੰਦਾਂ ਦੀਆਂ ਸਿਹਤ ਸੇਵਾਵਾਂ ਘੱਟ ਖਰਚੇ 'ਤੇ ਪ੍ਰਾਪਤ ਹੋ ਰਹੀਆਂ ਹਨ। ਫਾਊਂਡੇਸ਼ਨ ਵੱਲੋਂ ਸੰਗਤਾਂ ਦੀ ਸਿਹਤ ਅਤੇ ਭਲਾਈ ਨੂੰ ਮੁੱਖ ਰੱਖਦਿਆਂ ਕੀਤੀ ਜਾ ਰਹੀ ਇਹ ਸੇਵਾ ਸ਼ਲਾਘਾਯੋਗ ਉਪਰਾਲਾ ਹੈ।

4. **ਫਾਇਰ-ਫਾਇਟਿੰਗ ਦੀ ਐਨ.ਓ.ਸੀ ਬਾਰੇ ਸੰਬੰਧੀ ਰਿਪੋਰਟ** - ਬਾਬਾ ਮੱਖਣ ਸ਼ਾਹ ਲਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਦੇ ਭਾਈ ਮਨੀ ਸਿੰਘ ਬਲਾਕ ਵਿਖੇ ਸਥਾਪਿਤ ਫਾਇਰ ਫਾਈਟਿੰਗ ਸਿਸਟਮ ਦੇ ਸਮੂਹ ਉਪਕਰਨ ਸੁਚਾਰੂ ਅਤੇ ਸੰਤੋਸਜਨਕ ਢੰਗ ਨਾਲ ਕਾਰਜਸ਼ੀਲ ਹਨ। ਫਾਇਰ ਸੇਫਟੀ ਪ੍ਰਬੰਧਾਂ ਦੀ ਨਿਰੰਤਰ ਕਾਰਗੁਜ਼ਾਰੀ ਅਤੇ ਉਪਕਰਨਾਂ ਦੀ ਸਮੇਂ-ਸਿਰ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਫਾਇਰ ਫਾਈਟਿੰਗ ਸਿਸਟਮ ਦੀ Annual Maintenance Contract (AMC) ਵੀ ਨਿਰਧਾਰਤ ਕਰ ਦਿੱਤੀ ਗਈ ਹੈ। ਇਸ ਦੇ ਤਹਿਤ ਹਰ ਮਹੀਨੇ ਘੱਟੋ-ਘੱਟ ਇੱਕ ਵਾਰ ਸਮੁੱਚੇ ਫਾਇਰ ਫਾਈਟਿੰਗ ਸਿਸਟਮ ਨੂੰ ਚਲਾ ਕੇ ਉਸ ਦੇ ਸਾਰੇ ਉਪਕਰਨਾਂ ਦੀ ਕਾਰਗੁਜਾਰੀ ਦੀ ਬਕਾਇਦਾ ਜਾਂਚ ਕੀਤੀ ਜਾਵੇਗੀ, ਤਾਂ ਜੋ ਸਿਸਟਮ ਹਮੇਸ਼ਾ ਪੂਰੀ ਤਰ੍ਹਾਂ ਕਾਰਜਸ਼ੀਲ ਰਹੇ।

ਇਸ ਤੋਂ ਇਲਾਵਾ, ਫਾਇਰ ਫਾਈਟਿੰਗ NOC ਲਈ ਅਰਜ਼ੀ ਅਪਲਾਈ ਕਰ ਦਿੱਤੀ ਗਈ ਹੈ ਅਤੇ ਇਸ ਸਬੰਧੀ ਨੇੜਲੇ ਭਵਿੱਖ ਵਿੱਚ ਕੁਝ ਸਾਰਥਕ ਨਤੀਜੇ ਆਉਣ ਦੀ ਉਮੀਦ ਹੈ। ਇਸ ਸਬੰਧੀ ਜਿਵੇਂ ਹੀ ਕੋਈ ਨਵੀਂ ਪ੍ਰਗਤੀ ਜਾਂ ਨਤੀਜਾ ਪ੍ਰਾਪਤ ਹੁੰਦਾ ਹੈ, ਉਸ ਬਾਰੇ ਸਮੂਹ ਸੰਗਤਾਂ ਨੂੰ ਲੁਬਾਣਾ ਸੇਵਕ ਮੈਗਜ਼ੀਨ ਰਾਹੀਂ ਜਾਣੂ ਕਰਵਾਇਆ ਜਾਵੇਗਾ।

5. **ਰਿਵਾਈਜਡ ਬਿਲਡਿੰਗ ਪਲਾਨ ਅਤੇ ਐੱਸ.ਟੀ.ਐੱਮ. (ਈਸਟ) ਸਬੰਧੀ ਰਿਪੋਰਟ** - ਐਸ.ਡੀ.ਐਮ. (ਈਸਟ) ਵਿਖੇ ਵਿਚਾਰ ਅਧੀਨ ਕੇਸ ਸਬੰਧੀ ਅਗਲੀ ਸੁਣਵਾਈ ਦੀ ਤਾਰੀਖ ਇਸੇ ਮਹੀਨੇ ਨਿਰਧਾਰਤ ਹੈ। ਉਕਤ ਮਾਮਲੇ ਦੀ ਪ੍ਰਗਤੀ ਸਬੰਧੀ ਲੋੜੀਂਦੀ ਕਾਰਵਾਈ ਅਤੇ ਨਿਰੰਤਰ ਫੋਲੋ-ਅਪ ਕੀਤਾ ਜਾ ਰਿਹਾ ਹੈ। ਮਾਮਲੇ ਵਿੱਚ ਜਿਵੇਂ ਹੀ ਕੋਈ ਮਹੱਤਵਪੂਰਨ ਪ੍ਰਗਤੀ ਜਾਂ ਨਿਰਣਾਇਕ ਵਿਕਾਸ ਸਾਹਮਣੇ ਆਉਂਦਾ ਹੈ, ਉਸ ਦੀ ਜਾਣਕਾਰੀ ਸਮੂਹ ਸੰਗਤਾਂ ਨਾਲ ਲਬਾਣਾ ਸੇਵਕ ਮੈਗਜ਼ੀਨ ਰਾਹੀਂ ਸਾਂਝੀ ਕੀਤੀ ਜਾਵੇਗੀ।

ਰਿਵਾਈਜਡ ਬਿਲਡਿੰਗ ਪਲਾਨ ਸਬੰਧੀ ਸੰਗਤਾਂ ਨੂੰ ਪਹਿਲਾਂ ਹੀ ਜਾਣੂ ਕਰਵਾਇਆ ਜਾ ਚੁੱਕਾ ਹੈ ਕਿ ਸੰਸੋਧਿਤ ਬਿਲਡਿੰਗ ਪਲਾਨ ਅਪਲੋਡ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਅਗਲੀ ਲੋੜੀਂਦੀ ਕਾਰਵਾਈ ਇਸ ਸਮੇਂ ਅਸਟੇਟ ਆਫਿਸ ਦੇ ਪੱਧਰ 'ਤੇ ਲੰਬਿਤ ਹੈ। ਇਸ ਮਾਮਲੇ ਦੀ ਵੀ ਨਿਰੰਤਰ ਪੈਰਵੀ ਅਤੇ ਫੋਲੋ-ਅਪ ਕੀਤਾ ਜਾ ਰਿਹਾ ਹੈ। ਜਿਵੇਂ ਹੀ ਇਸ ਸਬੰਧੀ ਕੋਈ ਨਵੀਂ ਪ੍ਰਗਤੀ ਜਾਂ ਅਪਡੇਟ ਪ੍ਰਾਪਤ ਹੁੰਦੀ ਹੈ, ਉਸ ਤੋਂ ਸਮੂਹ ਸੰਗਤਾਂ ਨੂੰ ਲੁਬਾਣਾ ਸੇਵਕ ਮੈਗਜ਼ੀਨ ਰਾਹੀਂ ਸਮੇਂ-ਸਿਰ ਜਾਣੂ ਕਰਵਾਇਆ ਜਾਂਦਾ ਰਹੇਗਾ।

6. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ-30ਏ, ਚੰਡੀਗੜ੍ਹ ਵੱਲੋਂ ਭਵਨ ਦੀ ਸੁਚੱਜੀ ਸੰਭਾਲ-ਸੰਭਾਲ, ਸੁਰੱਖਿਆ, ਪ੍ਰਬੰਧ ਅਤੇ ਸੁੰਦਰੀਕਰਨ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਭਾਈ ਮਨੀ ਸਿੰਘ ਬਲਾਕ ਵਿੱਚ ਅੱਗ ਤੋਂ ਸੁਰੱਖਿਆ ਲਈ ਲੋੜੀਂਦਾ ਫਾਇਰ ਸੇਫਟੀ ਉਪਕਰਨ ਸਥਾਪਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਜਿਨ੍ਹਾਂ ਉਪਕਰਣਾਂ ਦੀ ਮੁਰੰਮਤ ਜਾਂ ਬਦਲੀ ਦੀ ਲੋੜ ਹੈ, ਉਨ੍ਹਾਂ ਦੀ ਜ਼ਰੂਰਤ ਅਨੁਸਾਰ ਮੁਰੰਮਤ/ਤਬਦੀਲੀ ਕਰਵਾਈ ਜਾਵੇਗੀ, ਤਾਂ ਜੋ ਭਵਨ ਵਿੱਚ ਸੁਰੱਖਿਆ ਦੇ ਮਾਪਦੰਡਾਂ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ, ਭਵਨ ਦੀਆਂ ਲੋੜਾਂ ਅਨੁਸਾਰ ਸਮੇਂ-ਸਮੇਂ 'ਤੇ ਮੁਰੰਮਤ, ਨਵੀਨੀਕਰਨ ਅਤੇ ਹੋਰ ਜ਼ਰੂਰੀ ਵਿਕਾਸ ਕਾਰਜ ਵੀ ਕਰਵਾਏ ਜਾਂਦੇ ਰਹਿਣਗੇ, ਤਾਂ ਜੋ ਸੰਗਤ ਅਤੇ ਸੰਸਥਾ ਨਾਲ ਸੰਬੰਧਿਤ ਗਤੀਵਿਧੀਆਂ ਲਈ ਬਿਹਤਰ ਅਤੇ ਸੁਰੱਖਿਅਤ ਸਹੂਲਤਾਂ ਉਪਲਬਧ ਰਹਿਣ।

● ● ●

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਵੱਡੀ ਲਿੱਲੀ (Belladonna Lily) : ਚਿੱਟੇ, ਲਾਲ ਜਾਂ ਸੰਗਤਰੀ ਰੰਗ ਦੇ ਵੱਡੇ ਅਤੇ ਧੂਤੂ ਵਰਗੀ ਸ਼ਕਲ ਦੇ ਖੁਸ਼ਬੂਦਾਰ, ਇਕ ਗੁਛੇ ਵਿਚ ਤਿੰਨ ਚਾਰ ਫੁਲ ਲੱਗਦੇ ਹਨ। ਬਲਬ ਦਸੰਬਰ ਜਨਵਰੀ ਵਿਚ ਲਾਏ ਜਾਂਦੇ ਹਨ। ਉਪਜਾਊ ਅਤੇ ਰੂੜੀ ਵਾਲੀ ਜ਼ਮੀਨ ਮੰਗਦੇ ਹਨ। ਜ਼ਮੀਨ ਸਿੱਲੀ ਅਤੇ ਧੁਪ ਵਾਲੀ ਥਾਂ। ਫੁਲ ਵਸਾਖੀ ਤੇ ਅਪ੍ਰੈਲ ਮਹੀਨੇ ਵਿਚ। ਅਕਤੂਬਰ ਤੋਂ ਦਸੰਬਰ ਤੱਕ ਪਾਣੀ ਦੇਣਾ ਬੰਦ ਕਰ ਦੇਵੋ ਅਤੇ ਬਲਬਾਂ ਨੂੰ ਆਰਾਮ ਕਰਨ ਦੇਵੋ। ਦਸੰਬਰ ਜਾਂ ਜਨਵਰੀ ਵਿਚ ਪਾਣੀ ਦੇਣਾ ਸ਼ੁਰੂ ਕਰ ਦੇਵੋ। ਚਾਰ ਪੰਜ ਸਾਲ ਬਾਅਦ ਪੁਟ ਕੇ ਲਾਓ।

ਕਿੰਨੂ ਅਤੇ ਨਿੰਬੂ : ਨਿੰਬੂ ਜਾਤੀ ਦੇ ਬੂਟੇ ਵਰਖਾ ਰੁੱਤ ਵਿਚ ਲਾਏ ਜਾਂਦੇ ਹਨ। ਇਸ ਜਾਤੀ ਦੇ ਰੁੱਖਾਂ ਦੀ ਕਾਂਟ-ਛਾਂਟ ਨਵੇਂ ਪੱਤੇ ਨਿਕਲਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਸੁਕੀਆਂ ਟਾਹਣੀਆਂ ਕੱਟ ਦਿੱਤੀਆਂ ਜਾਂਦੀਆਂ ਹਨ। ਤਾਰਾਂ ਵਰਗੀਆਂ ਪਤਲੀਆਂ ਅਤੇ ਵਾਧੂ ਭੀੜ ਪਾਉਣ ਵਾਲੀਆਂ ਸ਼ਾਖਾ ਵੀ ਕੱਟ ਦੇਵੋ। ਜਨਵਰੀ ਮਹੀਨੇ ਵਿਚ ਦੇਸੀ ਰੂੜੀ ਅਤੇ ਯੂਰੀਆ ਖਾਦ ਪਾ ਦੇਵੋ। ਬਾਰਾ ਮਾਸੀ ਨਿੰਬੂ ਦੋ ਫਸਲਾਂ ਜੂਨ ਤੋਂ ਸਤੰਬਰ ਅਤੇ ਦਸੰਬਰ ਤੋਂ ਮਾਰਚ ਤੱਕ ਦੇਂਦੇ ਹਨ।

ਸਰਦੀਆਂ ਦੇ ਫੁਲਦਾਰ ਪੌਦੇ

ਗੁਲਾਬ (Rose) : ਗੁਲਾਬ ਦੇ ਬੂਟਿਆਂ ਦੀ ਕਾਂਟ ਛਾਂਟ ਅਕਤੂਬਰ ਦੇ ਦੂਜੇ ਸਪਤਾਹ ਵਿਚ ਕੀਤੀ ਜਾਂਦੀ ਹੈ। ਸਾਰੀਆਂ ਸੁਕੀਆਂ, ਪਤਲੀਆਂ ਟਾਹਣੀਆਂ ਕੱਟ ਦਿੱਤੀਆਂ ਜਾਂਦੀਆਂ ਹਨ। ਥੋੜ੍ਹੀਆਂ ਜਾਨਦਾਰ ਟਾਹਣੀਆਂ ਅਤੇ ਹਰ ਟਾਹਣੀ ਤੇ ਪੰਜ ਛੇ ਅੱਖਾਂ ਰੱਖ ਕੇ ਬੂਟੇ ਨੂੰ ਸੁੰਦਰ ਸ਼ਕਲ ਦਿੱਤੀ ਜਾਂਦੀ ਹੈ। ਕਾਂਟ ਛਾਂਟ ਕਰਨ ਉਪਰੰਤ ਗੋਹੇ ਦੀ ਰੂੜੀ ਪਾਈ ਜਾਂਦੀ ਹੈ। ਪਾਣੀ ਕਿਆਰੀ ਭਰ ਕੇ ਸਰਦੀਆਂ ਵਿਚ ਹਫ਼ਤੇ ਵਿਚ ਇਕ ਵਾਰ ਅਤੇ ਗਰਮੀਆਂ ਵਿਚ ਜ਼ਿਆਦਾ ਵਾਰੀ ਦਿੱਤਾ ਜਾਂਦਾ ਹੈ। ਜੜ੍ਹ ਵਿਚੋਂ ਫੁਟਦੇ ਪੁੰਗ ਨੂੰ ਕਟਦੇ ਰਹਿਣਾ ਚਾਹੀਦਾ ਹੈ।

ਬੂਟਿਆਂ ਨੂੰ ਸਵੇਰ ਵੇਲੇ ਪਾਣੀ ਦੇਣਾ ਬਹੁਤ ਠੀਕ ਹੈ। ਤੇਲੇ ਅਤੇ ਹੋਰ ਮਾੜੇ ਮੋਟੇ ਕੀੜਿਆਂ ਲਈ ਮੈਲਾਥੀਨ ਦਾ ਛੜਕਾ ਕੀਤਾ ਜਾਵੇ।

ਡੇਹਲੀਆ (Dahlia) : ਸਭ ਤੋਂ ਪਹਿਲਾਂ ਮੈਕਸੀਕੋ ਦੇਸ਼ ਵਿਚ ਉਗਾਇਆ ਗਿਆ। ਸਵੀਡਨ ਦੇ ਬਾਟਨੀ ਦੇ ਡਾਕਟਰ ਡੈਹਲ ਦੇ ਨਾਂ ਤੇ ਇਸ ਸੁੰਦਰ ਫੁਲ ਦੇ ਪੌਦੇ ਨੂੰ ਨਾਂ ਮਿਲਿਆ। ਬੂਟੇ ਦੀ ਉਚਾਈ 30 ਸੈਂਟੀਮੀਟਰ ਤੋਂ 2 ਮੀਟਰ ਤੱਕ ਵੀ ਹੋ ਸਕਦੀ ਹੈ। ਨਵਾਂ ਪੌਦਾ ਜੜ੍ਹ ਦੇ ਗੰਢੇ ਜਾਂ ਟਾਹਣੀ ਦੀ ਕਲਮ ਤੋਂ ਉਗਾਇਆ ਜਾ ਸਕਦਾ ਹੈ। ਕਲਮ 8 ਤੋਂ 10 ਸੈਂਟੀਮੀਟਰ ਲੰਮੀ ਹੋਣੀ ਚਾਹੀਦੀ ਹੈ। ਜਦ ਨਵਾਂ ਬੂਟਾ 15 ਤੋਂ 20 ਸੀ.ਐਮ. ਉੱਚਾ ਹੋ ਜਾਵੇ ਤਾਂ ਉਸ ਨੂੰ ਫੈਲਣ ਲਈ ਚੋਟੀ ਤੋਂ ਮਾੜਾ ਜਿਹਾ ਕੱਟ ਦਿੱਤਾ ਜਾਂਦਾ ਹੈ। ਕਿਆਰੀ ਨੂੰ ਭਰਵਾਂ ਪਾਣੀ ਦਿੱਤਾ ਜਾਂਦਾ ਹੈ। ਬੂਟੇ ਅਖੀਰ ਮਾਰਚ ਤੱਕ ਫੁਲ ਦੇਂਦੇ ਹਨ।

ਗੁਲਦੌਦੀ (Chrysanthemum) : ਗਮਲੇ ਭਰਨ ਲਈ ਦੋ ਹਿੱਸੇ ਉਪਜਾਊ ਮਿੱਟੀ, ਇਕ ਹਿੱਸਾ ਗੋਹੇ ਦੀ ਰੂੜੀ ਅਤੇ ਇਕ ਹਿੱਸਾ ਰੇਤ ਪਾਈ ਜਾਂਦੀ ਹੈ। ਇਕ ਚਮਚਾ ਬੀ.ਐਚ.ਸੀ. ਪਾਊਡਰ ਪਾਉ। ਗਮਲੇ ਦੇ ਉਪਰਲੇ ਤਿੰਨ ਇੰਚ ਪਾਣੀ ਲਈ ਛੱਡ ਲਵੋ। ਜੁਲਾਈ ਅਗਸਤ ਵਿਚ ਪਿਛਲੇ ਸਾਲ ਦੇ ਬੂਟੇ ਤੋਂ ਕਲਮਾਂ ਲੈ ਕੇ ਰੇਤ ਵਿਚ ਲਾ ਕੇ ਛਾਂ ਵਿਚ ਰੱਖੋ ਅਤੇ ਵਰਖਾ ਤੋਂ ਬਚਾ ਲਵੋ। ਜੜਾਂ ਬਨਣ ਤੇ ਪਹਿਲਾਂ ਛੋਟੇ ਅਤੇ ਬਾਅਦ ਵਿਚ ਨੌਂ ਦਸ ਇੰਚ ਦੇ ਗਮਲੇ ਵਿਚ ਲਾ ਦਿਉ। ਸ਼ਾਖਾਂ ਬਣਾਉਣ ਲਈ ਸਿਰੇ ਤੋਂ ਮਾੜਾ ਜਿਹਾ ਕੱਟ ਕੇ ਧੁਪ ਵਿਚ ਰੱਖ ਦਿਉ। ਦੋ ਤਿੰਨ ਸ਼ਾਖਾਂ ਰੱਖ ਕੇ ਹੇਠਾਂ ਸਹਾਰੇ ਲਾ ਦਿਉ। ਹਰ ਸ਼ਾਖ ਤੇ ਇਕ ਡੋਡੀ ਰੱਖ ਲਵੋ। ਤੇਲੇ ਤੋਂ ਬਚਾ ਲਈ ਮੈਲਾਥੀਨ ਛਿੜਕਦੇ ਰਹੋ।

ਗੇਂਦਾ (Marigold) : ਪੀਲੇ ਜਾਂ ਸੰਗਤਰੀ ਰੰਗ ਦੇ ਮਧਰੇ ਜਾਂ ਉੱਚੇ ਬੂਟੇ ਦੇ ਫੁਲ ਹਾਰਾਂ ਲਈ ਵਰਤੇ ਜਾਂਦੇ ਹਨ। ਹਾਈਬਰਿਡ ਕਿਸਮ ਦੇ ਪੌਦੇ ਗਮਲੇ ਅਤੇ ਕਿਆਰੀ ਵਿਚ ਉਪਜਾਊ ਮਿੱਟੀ ਅਤੇ ਚਮਕੀਲੀ ਧੁੱਪ ਮੰਗਦੇ ਹਨ। ਅਕਤੂਬਰ ਨਵੰਬਰ ਵਿਚ ਹੀ ਲਾਏ ਜਾਂਦੇ ਹਨ।

ਸਰਦੀ ਰੁਤ ਦੇ ਹੋਰ ਫੁਲਦਾਰ ਬੂਟੇ ਹੇਠ ਲਿਖੇ ਅਨੁਸਾਰ ਹਨ :-

ਸਲਵੀਆ (Salvia) : ਲਾਲ ਅਤੇ ਹੋਰ ਰੰਗਾਂ ਦੇ ਫੁਲਦਾਰ ਬੂਟੇ ਘਟ ਉਪਜਾਊ ਕਿਆਰੀ ਵਿਚ ਵੀ ਲੰਮੇ ਸਮੇਂ ਤੱਕ ਚਮਕਾਂ ਮਾਰਦੇ ਹਨ। ਇਹ ਪੌਦੇ ਹਾਈਬ੍ਰਿਡ ਵੀ ਮਿਲਦੇ ਹਨ।

(ਚਲਦਾ)

* * * * *

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

5.

ਇਤਨੇ ਮੇਂ ਮੁਖ਼ਾਤਿਬ ਹੂਏ, ਸਤਿਗੁਰ ਗੁਰੂ ਗੋਬਿੰਦ।
ਵੋਹ ਸਾਬਿਰੋ-ਸ਼ਾਕਰ, ਵੁਹ ਬਹਾਦਰ ਗੁਰੂ ਗੋਬਿੰਦ।
ਰਸਤੇ ਮੇਂ ਰੰਵਾ ਆਏ ਥੇ, ਦੋ ਦੁਰ ਗੁਰੂ ਗੋਬਿੰਦ।
ਬੇ-ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ।
ਫ਼ੁਰਮਾਏ ਵੁਹ ਸਭ ਸੇ, ਨਹੀਂ ਮੌਕਾ ਯਿਹ ਗ਼ਜ਼ਬ ਕਾ।
ਪੂਰਾ ਯਹੀਂ ਕੱਲ੍ਹ ਹੋਗਾ, ਇਰਾਦਾ ਮੇਰੇ ਰੱਬ ਕਾ।

ਇਤਨੇ ਵਿਚ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਮਹਾਂਬਲੀ ਅਤੇ ਸਬਰ-ਸ਼ੁਕਰ ਦੇ ਧਾਰਨੀ ਸਨ, ਸਿੰਘਾਂ ਨੂੰ ਸੰਬੋਧਨ ਹੋਏ। ਬੇਸ਼ਕ ਗੁਰੂ ਸਾਹਿਬ ਰਾਹ ਵਿਚ ਦੋ ਅਣਮੋਲ ਮੋਤੀ (ਸਾਹਿਬਜ਼ਾਦੇ) ਗੰਵਾ ਆਏ ਸਨ, ਲੇਕਿਨ ਫਿਰ ਵੀ ਕੋਈ ਗ਼ਮ ਨਹੀਂ ਸੀ ਅਤੇ ਸ਼ਾਂਤ-ਚਿੱਤ ਸਨ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਹ ਸਮਾਂ ਗੁੱਸੇ ਵਿਚ ਆਉਣ ਦਾ ਨਹੀਂ ਹੈ। ਮੇਰੇ ਪਰਮੇਸ਼ਰ ਦੀ ਜੋ ਰਜ਼ਾ ਹੈ, ਉਹ ਕੱਲ੍ਹ ਨੂੰ ਇਥੇ ਪੂਰੀ ਹੋਵੇਗੀ।

6.

ਜਿਸ ਥਿੱਤੇ ਮੇਂ ਹਮ ਕਹਤੇ ਥੇ, ਆਨਾ, ਯਿਹ ਵੁਹੀ ਹੈ।
ਕੱਲ੍ਹ ਲੁਟ ਕੇ ਹੈ ਜਿਸ ਜਗਹ ਸੇ ਜਾਨਾ, ਯਿਹ ਵੁਹੀ ਹੈ।
ਜਿਸ ਜਾ ਪੈ ਬੱਚੋਂ ਕੋ ਕਟਾਨਾ, ਯਿਹ ਵੁਹੀ ਹੈ।
ਮੱਟੀ ਕਹੇ ਦੇਤੀ ਹੈ ਠਿਕਾਨਾ, ਯਿਹ ਵੁਹੀ ਹੈ।
ਇਕ ਮੋਰਚੇ ਮੇਂ ਫਿਰ ਵਹੀਂ ਸਰਕਾਰ ਦਰ ਆਏ।
ਜਾ ਪਹੁੰਚੇ ਅਕਾਲੀ ਵਹੀਂ, ਸਤਿਗੁਰ ਜਿਧਰ ਆਏ।

ਜਿਸ ਇਲਾਕੇ ਵਿਚ ਅਸੀਂ ਆਉਣ ਬਾਰੇ ਕਿਹਾ ਕਰਦੇ ਸੀ, ਇਹ ਉਹੀ ਹੈ। ਇਹ ਉਹੀ ਜਗ੍ਹਾ ਹੈ, ਜਿਥੋਂ ਅਸੀਂ ਕੱਲ੍ਹ ਨੂੰ ਸਭ ਕੁਝ ਲੁਟਾ ਕੇ ਜਾਣਾ ਹੈ। ਇਹ ਉਹੀ ਥਾਂ ਹੈ ਜਿੱਥੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਹੋਣੀਆਂ ਹਨ। ਇਥੋਂ ਦੀ ਮਿੱਟੀ ਦੱਸ ਰਹੀ ਹੈ ਕਿ ਇਹੋ ਹੀ ਅਸਲ ਟਿਕਾਣਾ ਹੈ ਜਿਥੇ ਸਾਰੀ ਖੇਡ ਵਰਤੇਗੀ। ਇਸ ਤੋਂ ਬਾਅਦ ਸਤਿਗੁਰੂ ਜੀ ਇਕ ਮੋਰਚੇ ਵਿਖੇ ਪਹੁੰਚੇ ਅਤੇ ਬਾਕੀ ਸਿੰਘ ਵੀ ਮਗਰੇ-ਮਗਰ ਉੱਥੇ ਪੁੱਜ ਗਏ।

7.

ਜਬ ਕਿਲ੍ਹਾ ਮੇਂ ਜਾ ਉਤਰੀ ਥੀ, ਸਤਿਗੁਰ ਕੀ ਸਵਾਰੀ।
'ਵਾਹਿਗੁਰੂ ਕੀ ਫ਼ਤਹਿ', ਤਬ ਦਲੇਰੋਂ ਨੇ ਪੁਕਾਰੀ।
ਵੁਹ ਹਮਹਮਾ ਸ਼ੇਰੋਂ ਕਾ, ਵੁਹ ਆਵਾਜ਼ ਥੀ ਭਾਰੀ।
ਥਰਥਰਾ ਗਿਆ ਚਮਕੌਰ, ਹੂਆ ਜ਼ਲਜ਼ਲਾ ਭਾਰੀ।
ਸਕਤੇ ਮੇਂ ਖ਼ੁਦਾਈ ਥੀ, ਤੋ ਹੈਰਤ ਮੇਂ ਜਹਾਂ ਥਾ।
ਨਾਅਰਾ ਸੇ ਹੂਆ ਚਰਖ਼ ਭੀ ਸਾਕਿਨ, ਯਿਹ ਗੁਮਾਂ ਥਾ।

ਜਦੋਂ ਦਸਮੇਸ਼ ਸਤਿਗੁਰੂ ਜੀ ਕਿਲ੍ਹੇ ਵਿਚ ਪਹੁੰਚਾ ਤਾਂ ਬਹਾਦਰ ਸਿੰਘਾਂ ਨੇ ਫ਼ਤਹ ਦਾ ਜੈਕਾਰਾ ਗਜਾਇਆ। ਜਦੋਂ ਭਾਰੀ ਤੇ ਉੱਚੀ ਆਵਾਜ਼ ਵਿਚ ਜੈਕਾਰਾ ਗਜਾਇਆ ਤਾਂ ਸ਼ੇਰਾਂ ਵਰਗੀ ਗਰਜ ਨਾਲ ਸਾਰਾ ਚਮਕੌਰ ਕੰਬ ਗਿਆ। ਇਸ ਤਰ੍ਹਾਂ ਲੱਗਿਆ ਜਿਵੇਂ ਤਕੜਾ ਭੁਚਾਲ ਆ ਗਿਆ ਹੋਵੇ। ਸਾਰੀ ਖ਼ਲਕਤ ਸੁੰਨ ਹੋ ਕੇ ਰਹਿ ਗਈ ਸੀ ਅਤੇ ਸਾਰੀ ਦੁਨੀਆਂ ਅਚੰਭੇ ਵਿਚ ਭਰ ਗਈ ਸੀ। ਇੰਜ ਸ਼ੱਕ ਪੈ ਰਿਹਾ ਸੀ ਜਿਵੇਂ ਜੈਕਾਰੇ ਦੀ ਆਵਾਜ਼ ਨਾਲ ਸਾਰਾ

ਅਸਮਾਨ ਹੀ ਠਹਿਰ ਗਿਆ ਹੋਵੇ।

8.

ਖ਼ੈਮੇ ਕੀਏ ਇਸਤਾਦਹ, ਵਹੀਂ ਉਠ ਕੇ ਕਿਸੀ ਨੇ।

ਖੋਲ੍ਹੀ ਕਮਰ ਆਰਾਮ ਕੋ, ਹਰ ਏਕ ਜਰੀ ਨੇ।

ਰਹਿਰਾਸ ਕਾ ਦੀਵਾਨ ਸਜਾਇਆ ਗੁਰੂ ਜੀ ਨੇ।

ਮਿਲਜੁਲ ਕਰ ਸਰੇ-ਸ਼ਾਮ, ਭਜਨ ਗਾਇਆ ਸਭੀ ਨੇ।

ਖਾਨਾ ਕਈ ਵਕਤੋਂ ਮੇਂ ਮੁਯੱਸਰ ਨਾ ਥਾ ਆਇਆ।

ਇਸ ਸ਼ਾਮ ਭੀ ਸ਼ੇਰੋਂ ਨੇ, ਕੜਾਕਾ ਹੀ ਉਠਾਇਆ।

ਕੁਝ ਸਿੰਘਾਂ ਨੇ ਉਠ ਕੇ ਉੱਥੇ ਹੀ ਤੰਬੂ ਗੱਡ ਦਿੱਤੇ। ਹਰੇਕ ਯੋਧੇ ਨੇ ਆਰਾਮ ਕਰਨ ਲਈ ਕਮਰਕਸਾ ਖੋਲ੍ਹ ਦਿੱਤਾ। ਗੁਰੂ ਸਾਹਿਬ ਨੇ ਦੀਵਾਨ ਦਾ ਸਮਾਂ ਜਾਣ ਕੇ ਰਹਿਰਾਸ ਦਾ ਦੀਵਾਨ ਸਜਾ ਦਿੱਤਾ ਅਤੇ ਸਭ ਨੇ ਮਿਲ ਕੇ ਸ਼ਾਮ ਸਮੇਂ ਦਾ ਸ਼ਬਦ-ਕੀਰਤਨ ਕੀਤਾ। ਕਈ ਦਿਨਾਂ ਤੋਂ ਖ਼ਾਲਸੇ ਨੂੰ ਖਾਣਾ ਨਸੀਬ ਨਹੀਂ ਸੀ ਹੋ ਰਿਹਾ ਅਤੇ ਇਹ ਸ਼ਾਮ ਵੀ ਲੰਗਰ ਮਸਤਾਨਾ ਹੀ ਰਿਹਾ ਭਾਵ ਫਾਕਾ ਹੀ ਕੱਟਣਾ ਪਿਆ।

9.

ਕੁਝ ਲੇਟ ਗਏ ਖ਼ਾਕ ਪੇ, ਜ਼ੀ-ਪੋਸ਼ ਬਿਛਾ ਕਰ।

ਪਹਿਰਾ ਲਗਾ ਦੇਨੇ ਕੁਈ, ਤਲਵਾਰ ਉਠਾ ਕਰ।

ਗੋਬਿੰਦ ਭੀ ਸ਼ਬ ਬਾਸ਼ ਹੁਏ, ਖ਼ੈਮਾਂ ਮੇਂ ਜਾ ਕਰ।

ਦੇਖਾ ਤੋ ਵਹਾਂ ਬੈਠੇ ਹੈਂ, ਗਰਦਨ ਕੋ ਝੁਕਾ ਕਰ।

ਵਾਹਿਗੁਰੂ ਵਾਹਿਗੁਰੂ ਹੈ ਮੁੰਹ ਸੇ ਨਿਕਲਤਾ।

ਹੈ ਤੂ ਹੀ ਤੂ, ਤੂ ਹੀ ਤੂ, ਹੈ ਮੁੰਹ ਸੇ ਨਿਕਲਤਾ।

ਕੁਝ ਸਿੰਘ ਜ਼ਮੀਨ ਉੱਤੇ ਘੋੜਿਆਂ ਦੀਆਂ ਜ਼ੀਨਾਂ ਵਿਛਾ ਕੇ ਲੰਮੇ ਪੈ ਗਏ। ਕੁਝ ਤਲਵਾਰਾਂ ਹੱਥ ਵਿਚ ਪਕੜ ਕੇ ਪਹਿਰਾ ਦੇਣ ਲੱਗੇ। ਗੁਰੂ ਜੀ ਵੀ ਰਾਤ ਦੇ ਵਿਸ਼ਰਾਮ ਲਈ ਇਕ ਤੰਬੂ ਵਿਚ ਚਲੇ ਗਏ। ਜਦੋਂ ਕੁਝ ਸਿੰਘਾਂ ਨੇ ਜਾ ਕੇ ਵੇਖਿਆ ਤਾਂ ਕੀ ਪਾਇਆ ਕਿ ਸਤਿਗੁਰ ਜੀ ਚੌਂਕੜਾ ਮਾਰ ਕੇ ਅਤੇ ਸੀਸ ਨਿਵਾ ਕੇ ਬੈਠੇ ਹੋਏ ਹਨ ਅਤੇ ਆਪ ਜੀ ਦੇ ਮੁਖਾਰਬਿੰਦ ਤੋਂ 'ਵਾਹਿਗੁਰੂ-ਵਾਹਿਗੁਰੂ', 'ਤੂ ਹੀ' 'ਤੂ ਹੀ' ਦੇ ਸ਼ਬਦ ਨਿਕਲ ਰਹੇ ਹਨ।

(ਚਲਦਾ)

• • •

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

• • •

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਰੋਜ਼ਾਨਾ ਜ਼ੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

ਨਵਪ੍ਰੀਤ ਕੌਰ



ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ 'ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ 'ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਇਹ ਕਸਰਤ ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

ਗਰਦਨ ਦੀ ਤਕਲੀਫ਼ - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ 'ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀਫ਼ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀਫ਼ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ

ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2-3 ਵਾਰ ਕਰਨ ਦੀ ਕੋਸ਼ਿਸ਼ ਕਰੋ।

* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6-7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6-7 ਵਾਰ ਦੁਹਰਾਉ।

* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।

1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਕਾਵਿ-ਕਿਆਰੀ

ਕਵਿਤਾ / ਲਾਸਟ ਰਾਈਡ

ਸੁਰਿੰਦਰ ਮਕਸੂਦਪੁਰੀ



(ਅਮਰੀਕਾ ਦੇ ਇਕ ਸ਼ਹਿਰ ਵਿਚ ਅਰਥੀ ਦੇ
ਸੋਗੀ ਹਜ਼ੂਮ ਨੂੰ ਵੇਖਦਿਆਂ)

ਪਰਦੇਸ ਵਿਚ ਵੇਖਿਆ ਜਦੋਂ
ਫਿਊਨਰਲ ਹੋਮ ਨੂੰ ਜਾਂਦਾ
ਪੁਲਿਸ ਦੀ ਅਗਵਾਈ 'ਚ
ਅਰਥੀ ਸੰਗ
ਵੀ.ਆਈ.ਪੀ. ਟਰੀਟਮੈਂਟ ਕਰਦਾ
ਨਿਯਮਬੱਧ-ਬਾਦਸਤੂਰ
ਕਾਰਾਂ ਦਾ ਕਾਫ਼ਲਾ

ਵੇਖ ਕੇ ਗ਼ਮਗੀਨ ਮੰਜ਼ਰ
ਤੁਰ ਪਿਆ ਸੀ ਮੇਰੇ ਸੰਗ
ਮੇਰਾ ਕੋਈ ਹਮਸਫ਼ਰ ਹਾਦਸਾ
ਜਿਵੇਂ ਮੇਰਾ ਕੋਈ ਦਰਦ ਵੰਡਾਉਣ
ਮੇਰੇ ਜਾਗਦੇ ਜ਼ਖ਼ਮਾਂ ਨੂੰ ਸੁਲਾਉਣ

ਤੁਰ ਗਏ ਦੇ ਵਿਯੋਗ ਵਿਚ
ਜ਼ਿੰਦਗੀ ਦੇ ਭੋਗ ਵਿਚ
ਡੁਸਕਦੀਆਂ ਕਾਰਾਂ ਦੇ ਮੱਥੇ 'ਤੇ
ਸੋਗ ਰੰਗੇ ਝੰਡੇ ਵੇਖ
ਰਾਹ-ਰਸਤੇ ਸੁੰਨ ਸੀ
ਫ਼ਿਜ਼ਾ ਵਿਹੜੇ ਗੂੰਜਦੀ
ਜਿਵੇਂ ਮਾਤਮੀ ਧੁਨ ਸੀ

ਤੁਰ ਪਈਆਂ ਸਨ
ਲਾਲ ਬੱਤੀਆਂ ਵੀ
ਸੋਗਮਈ ਮਾਹੌਲ ਵਿਚ
ਰੱਬ ਦੇ ਮਰਹੂਮ ਬੰਦੇ ਨੂੰ
ਆਖ਼ਰੀ ਅਲਵਿਦਾ ਕਹਿਣ
ਸ਼ਮਸ਼ਾਨ ਘਾਟ ਤੱਕ

ਇਸ ਜ਼ਿੰਦਗੀ ਦੇ ਸੱਚ ਵਿਚ
ਕੌੜੇ-ਕੁਸੈਲੇ ਤੱਥ ਵਿਚ
'ਮਕਸੂਦਪੁਰੀ' ਦੇ ਮਨ ਵਿਚ
ਬੈਠਾ ਉਦਾਸ ਕਵੀ
ਵਿਛੜਿਆਂ ਨੂੰ ਯਾਦ ਕਰ
ਅੰਦਰੋਂ-ਅੰਦਰ ਰੋ ਲਿਆ
ਆਪੇ ਹੀ ਸਮਝਾਇਆ ਮਨ
ਆਪੇ ਹੀ ਚੁੱਪ ਹੋ ਲਿਆ


ਹਾਂ, ਉਸ ਦੇਸ਼ ਦੀ ਭਾਸ਼ਾ ਵਿਚ
ਇਹ ਇਕ 'ਫਿਊਨਰਲ ਰਾਈਟ' ਸੀ
ਤੁਰ ਗਏ ਬੰਦੇ ਦੀ
ਇਹ ਲਾਸਟ ਰਾਈਡ ਸੀ !

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234

* * * * *

ਕਵਿਤਾ/ ਚਿੱਟਾ ਬਾਣਾ ਪਾਉਂਦੇ

ਰਤਨ ਟਾਹਲਵੀ



ਇਹ ਚਿੱਟਾ ਬਾਣਾ ਪਾਉਂਦੇ ਹੱਥ ਵਿਚ ਮਾਲਾ ਏ।
ਇਹ ਸਭ ਦੇ ਸਾਹਵੇਂ ਛਕਦੇ, ਫੁਲਕਾ ਦਾਲਾ ਏ।
ਉਂਝ ਵਿਚ ਕਲੱਬਾਂ ਰਾਤ ਨੂੰ ਮੌਜ ਬਣਾਈ ਏ।
ਹੰਸ ਦਾ ਭੇਸ ਬਣਾ ਕੇ, ਬਗਲੇ ਦੁਨੀਆ ਪਿੱਛੇ ਲਾਈ ਏ।
ਬਾਬਾ ਬੈਠਾ ਏ.ਸੀ. ਕਮਰੇ ਸੰਗਤ ਦਰਸ਼ਨ ਕਰਨ ਲਈ ਆਈ ਏ।

ਕੰਮ ਕਰੋ ਨਾ ਮਾੜਾ ਕਹਿਣ ਸਟੇਜਾਂ 'ਤੇ।
ਇਹੀ ਬੋਲਣ ਬੋਲ ਦੁਆਲੇ ਮੇਜਾਂ 'ਤੇ।
ਕੱਟੀ ਜਾਊ ਚੁਰਾਸੀ, ਬਾਬੇ ਕਥਾ ਸੰਗਤ ਸੁਣਾਈ ਏ।
ਹੰਸ ਦਾ ਭੇਸ ਬਣਾ ਕੇ, ਬਗਲੇ ਦੁਨੀਆ ਪਿੱਛੇ ਲਾਈ ਏ।
ਧੰਨ ਮੇਰੇ ਮਾਲਕਾ ਤੂੰ ਕੈਸੀ ਫ਼ਿਲਮ ਬਣਾਈ ਏ।

ਧਰਮਸਾਲ ਧੜਵਾਹੀ ਜਾ ਕੇ ਧਰਮ ਦੀ ਕਰਦੇ ਸੇਵਾ ਨੇ।
ਕੱਲ੍ਹ ਕਿਸ ਦੀ ਟਿਕਟ ਹੈ ਕੱਟਣੀ ਰਾਤੀਂ ਲਾਵਣ ਟੇਵਾ ਨੇ।
ਬੇਗੁਨਾਹ ਨੂੰ ਮਾਰ ਦੇਣਾ ਸਮਝਣ ਇਹ ਵਡਿਆਈ ਏ।
ਹੰਸ ਦਾ ਭੇਸ ਬਣਾ ਕੇ, ਬਗਲੇ ਦੁਨੀਆ ਪਿੱਛੇ ਲਾਈ ਏ।
ਧਰਮ ਦੇ ਨਾਂ 'ਤੇ ਇਨ੍ਹਾਂ ਮਾਰੀ ਕੁਲ ਲੋਕਾਈ ਏ।

ਮੰਦੇ ਕੰਮੀ ਹੋ ਕੇ ਵੀ ਉਹ ਦੋਸ਼ ਹੋਰਾਂ 'ਤੇ ਧਰਦੇ ਨੇ।
ਨਾਲ ਜ਼ਬਾਨਾਂ ਕਰੇ ਕਲਾਮਾਂ ਫਿਰ ਸੌ ਸੌ ਕਲਮਾਂ ਪੜ੍ਹਦੇ ਨੇ।
ਰਤਨ ਵਰਿੰਦਰ ਟਾਹਲੀ ਇਨ੍ਹਾਂ ਕੈਸੀ ਖੇਡ ਬਣਾਈ ਏ।
ਹੰਸ ਦਾ ਭੇਸ ਬਣਾ ਕੇ, ਬਗਲੇ ਦੁਨੀਆ ਪਿੱਛੇ ਲਾਈ ਏ।

ਸ਼ਬਦ ਗੁਰੂ 'ਚ ਉਂਝ ਸਾਰੀ ਗੱਲ ਸਮਝਾਈ ਏ।

*****

ਕਵਿਤਾ/ ਰੱਖੜੀ ਵਾਲਾ ਦਿਨ

ਰੱਖੜੀ ਵਾਲਾ ਦਿਨ ਫਿਰ ਆ ਕੇ,
ਯਾਦ ਭੈਣਾਂ ਨੂੰ ਵੀਰ ਕਰਾ ਗਿਆ ਏ।
ਸੋਹਣੇ ਜਿਹੇ ਫਿਰ ਗੁੱਟ ਵੀਰ ਦੇ,
ਪਿਆਰ ਦੀ ਡੋਰੀ ਬੰਨਾ ਗਿਆ ਏ।

ਭੈਣ ਤੋਂ ਕਈ ਦੁਆਵਾਂ ਦੁਆ ਕੇ,
ਵੀਰ ਦੀ ਲੰਮੀ ਉਮਰ ਕਰਾ ਗਿਆ ਏ।
ਮਿੱਠਾ ਵੀਰ ਦੇ ਮੂੰਹ ਲਵਾ ਕੇ,
ਸਿਰ ਭੈਣ ਦੇ ਹੱਥ ਟਿਕਾ ਗਿਆ ਏ।

ਵੀਰ ਭੈਣ ਕਈ ਰੁੱਸੇ ਮਿਲਾ ਕੇ,
ਕਈ ਵਾਅਦੇ ਨਵੇਂ ਕਰਾ ਗਿਆ ਏ।
ਹਾਸੇ ਖੇਡੇ ਸਭ ਯਾਦ ਕਰਾ ਕੇ,
ਸੋਹਣਾ ਇਹ ਸਮਾਂ ਲੰਘਾ ਗਿਆ ਏ।

ਵੀਰ ਤੋਂ ਕਈ ਸੁਗਾਤਾਂ ਦਵਾ ਕੇ,
ਮਾਪੇ ਭੈਣਾਂ ਨੂੰ ਯਾਦ ਕਰਾ ਗਿਆ ਏ।
ਧਾਗਾ ਨਹੀਂ ਇਹ ਇੱਕ ਮਮੂਲੀ,
ਸਭ ਨੂੰ ਇਹ ਸਮਝਾ ਗਿਆ ਏ।

ਮੁੱਕ ਗਏ ਵੀਰ ਜਿਨ੍ਹਾਂ ਭੈਣਾਂ ਦੇ,
ਉਹਨਾਂ ਨੈਣੀਂ ਨੀਰ ਵਹਾਅ ਗਿਆ ਏ।
ਵਿੱਛੜ ਜਿੰਨਾਂ ਦੀਆਂ ਭੈਣਾਂ ਗਈਆਂ,
ਗੁੱਟ ਸੁੰਨੇ ਉਹ ਦਿਖਾ ਗਿਆ ਏ।

ਸੱਕਿਆਂ ਖੋਰੇ ਕਦੋਂ ਫਿਰ ਮਿਲਣਾ,
ਗੱਲ ਸਭ ਨੂੰ ਇਹ ਸਮਝਾ ਗਿਆ ਏ।
ਬਹਿਜੋ ਮਿਲ ਜਿੰਨੇ ਸਾਹ ਬਚੇ ਨੇ,
'ਸੁਖਵਿੰਦਰ' ਕਵਿਤਾ ਰਾਹੀ ਗਾ ਗਿਆ ਏ।



'ਸੁਖਵਿੰਦਰ ਸਿੰਘ ਜਲਾਲਪੁਰੀ'
ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

भाई कन्हैया जी

एक दिन पंजाब के एक गाँव में एक धनी परिवार में कन्हैया नाम के एक लड़के का जन्म हुआ। जैसे-जैसे वह बड़ा हुआ, कन्हैया हमेशा नई-नई चीज़ें खोजता और सीखता रहता था। उन्होंने कई अलग-अलग पवित्र पुरुषों से जीवन और ईश्वर के बारे में सीखा। उन्हें आध्यात्मिक मार्ग बहुत पसंद था और इसलिए उन्होंने अपने जीवन में अपने परिवार की संपत्ति से अलग रास्ता चुना। वह एक गहन आध्यात्मिक युवक बन गया जिसे दिव्य कविता सुनना पसंद था। वह बड़े होकर भाई घनेया के नाम से जाने गए।



भाई कन्हैया अपनी आध्यात्मिक यात्रा पर तब तक रुके रहे जब तक कि वे गुरु तेग बहादुर जी से नहीं मिले और अपने उच्चतम बिंदु पर नहीं पहुंच गए। उसकी सारी खोज इसी में जुड़ गई थी। भाई कन्हैया गुरु से इतने प्रेरित हुए कि उन्होंने उनकी सेवा करना शुरू कर दिया और एक बहुत ही समर्पित सिख बन गए। गुरु के सान्निध्य में रहने और उनसे सीखने से भाई कन्हैया को इतना सुंदर संपूर्ण अनुभव हुआ कि उन्हें किसी और चीज़ की आवश्यकता ही नहीं पड़ी।

गुरु से मिलना स्कूल के लंबे सप्ताह के बाद आखिरकार अपने सबसे अच्छे दोस्त से मिलने जैसा है। भाई गनेया के लिए, गुरु की उपस्थिति उनके मन के लिए इतनी सुखद थी कि इससे उनकी आत्मा में बहुत खुशी हुई। इसने उसके दिल को इतना मजबूत कर दिया कि वह हमेशा बड़ा और खूबसूरत हो गया। भाई कन्हैया ने सिख बनने का फैसला किया और गुरु के मिशन को अपनाया। छात्र और गुरु एक ही हो गए, और साथ में पृथ्वी पर भगवान की उपस्थिति को बढ़ाया।

अपने खुले दिल और सभी के प्रति प्रेम के साथ, भाई कन्हैया जी ने अपना सारा जीवन और समय लंगर की सेवा में समर्पित करना शुरू कर दिया। उन्होंने हर किसी की सेवा की।

जैसे-जैसे उनका कार्य स्वर्ग को धरती पर ले आया, उनका जीवन अधिकाधिक ईश्वर और गुरु के साथ विलीन होने लगा। भाई कन्हैया ने एक आध्यात्मिक केंद्र भी खोला ताकि वह सभी लोगों की सेवा कर सकें।

भाई कन्हैय्या जी ने अपने जीवन के कई वर्षों तक केवल सेवा करते हुए कड़ी मेहनत की, यहाँ तक कि जब तक गुरु गोबिंद सिंह जी गुरु थे, तब तक उन्होंने कड़ी मेहनत की। उस समय पंजाब की भूमि पर आक्रमण हो रहा था और गुरु गोबिंद सिंह जी को एक बड़ी लड़ाई में आनंदपुर साहिब की रक्षा करनी थी। दुश्मनों ने आनंदपुर साहिब पर हमला किया और शहर की आपूर्ति काट दी। जल्द ही पानी और भोजन ढूंढना बहुत मुश्किल हो गया और युद्ध में कई लोग कमज़ोर हो गए और घायल हो गए। भाई कन्हैया ने युद्ध के मैदान में सभी घायल लोगों को देखा और अपने प्यार से सीधे युद्ध के



मैदान में चले गए और सभी को पानी देना शुरू कर दिया। चमड़े के पानी के बर्तन से उनके सूखे गले की सेवा करते हुए उन्होंने दोनों सेनाओं के घायल लोगों को समान रूप से पानी दिया, यहां तक कि दुश्मन को भी!

अब भले ही यह सामान्य नहीं था, गुरु के अधिकांश खालसा को समझ में आया कि भाई कन्हैया ने दुश्मन सैनिकों की भी सेवा क्यों की। उन्होंने सोचा, 'गुरु शुद्ध प्रेम हैं और हम सभी गुरु का हिस्सा हैं। हमें अपने भाई कन्हैया पर बहुत गर्व है कि वह कैसा अभिनय कर रहा है। यह सब भगवान का खेल है। गुरु के आशीर्वाद से, हम भी अपने तरीके से इसी प्रकार की निपुणता के साथ कार्य करेंगे।'

लेकिन कुछ लोगों को यह समझ में नहीं आया। उन्होंने शिकायत करते हुए कहा, 'मुझे यकीन है कि यह बहुत अच्छा है कि वह लोगों की सेवा करता है लेकिन हमारे पास अपने लिए पर्याप्त पानी नहीं है! इसका कोई मतलब नहीं है कि वह हमारा पानी दुश्मन को दे रहा है। साथ ही, वह उनमें से कुछ को ठीक भी कर रहा है। तो क्या होता है जब दुश्मन ठीक हो जाता है और हमसे लड़ने के लिए वापस आ जाता है! हमें गुरु को इसके बारे में बताना चाहिए!'

इसलिए वे इसके बारे में कुछ करने के लिए गुरु गोबिंद सिंह के पास गए। जब उन्होंने गुरु को बताया तो उन्होंने बस इतना कहा, 'कन्हैया को मेरी उपस्थिति में लाओ।' तो भाई कन्हैया को तुरंत उनके पास लाया गया। जब गुरु जी ने अपने प्रिय सिख की पवित्रता और भक्ति देखी, जिसने उनकी और उनके पिता की इतने प्रेम से सेवा की थी, तो उन्होंने पूछा, 'क्या मैंने जो सुना है वह सच है? क्या तुम दुश्मन को पानी दे रहे हो?' भाई कन्हैया जी ने उत्तर दिया, 'हे मेरे प्रिय गुरु जी, हाँ यह सच है। जब मैं इन सभी घायल लोगों के चेहरों को देखता हूँ, तो मुझे केवल आप ही दिखाई देते हैं।'


गुरु गोबिंद सिंह उनकी बात सुनकर बहुत खुश हुए और मुस्कुराते हुए बोले, 'आप सही हैं और आपने आज मुझे दिखाया है कि आप वास्तव में गुरु के शब्दों को समझते हैं और उन्हें जीते हैं।' गुरु जी ने तब अपने सभी खालसों को घोषणा की 'भाई कन्हैया ने शिक्षाओं को सही ढंग से समझा है। मेरे प्यारे सिखों, आप इस तरह सीखने की पूरी कोशिश करें। गुरबानी जो सबक सिखाती है वह अमूल्य है।'

तब गुरु जी ने भाई कन्हैया को कुछ जड़ी-बूटियाँ दीं और उनसे कहा, 'अब से, इसे उन सभी के घावों पर लगाना, जिन्हें इसकी आवश्यकता है।' और भाई कन्हैया ने युद्ध के मैदान में सभी घायलों की प्रेमपूर्वक सेवा करने के लिए इस मरहम का उपयोग करना शुरू कर दिया।

गुरु गोबिंद सिंह जी ने फिर से पूरे समुदाय से बात की और उनसे कहा, 'साध संगत जी, भाई कन्हैया एक पवित्र आत्मा हैं, जो भगवान को प्रिय हैं। उन्होंने इस बात की परवाह किए बिना कि वे कौन हैं या कहां हैं, सभी की सेवा की है।' से आते हैं। उन्होंने सहजता और दैवीय कृपा की एक उत्कृष्ट आध्यात्मिक स्थिति प्राप्त कर ली है। वह सेवा के अपने मिशन को जारी रखेंगे। आने वाले वर्षों में कई और लोग उनके उदाहरण का अनुसरण करेंगे और मानवता की सेवा की परंपरा को जीवित रखेंगे।

गुरुओं की शिक्षाओं के बारे में अलग-अलग लोगों की अलग-अलग समझ थी। और इसलिए जब गुरु जी ने यह कहा तो संगत को यह समझ में आने लगा कि भाई कन्हैया ने सत्य पर अमल किया है और जीया है, जो उनमें से कई ने केवल शब्दों और ध्यान में सीखा था। उन्होंने सबसे चुनौतीपूर्ण समय में और इतने भयानक युद्ध के दौरान दूसरों में दिव्यता देखी। और उन्हें एहसास हुआ कि वह धन्य है।

हम सभी दूसरों में ईश्वर को देखने की स्थिति प्राप्त करें। हम सभी इस सत्य को जिएं और जहां भी जाएं और जो कुछ भी करें, भाई कन्हैया जी की तरह अपने कार्यों में इसका अभ्यास करें।



MATRIMONIAL



SEEKING PERFECT MATCH FOR LUBANA SIKH BOY 21.03.1994 BORN, 5'9 HEIGHT, QUALIFICATION- B.TECH (MECHANICAL ENGINEERING), WORKING AT ALLEN OVERSEAS AS A MATH FACULITY IN DUBAI FOR ONE YEAR AS GOT THE OPPORTUNITY TO WORK THERE. AFTER COMPLETING ONE YEAR, RETURNED BACK TO INDIA AND CONTINUED WORKING IN ALLEN. PACKAGE 20 LACS, FAMILY – FATHER HONY LT PRESENTLY DOING JOB IN GARRISON ENGINEER CHANDIGARH AS AN ELETRICAL ENGINEER, MOTHER- HOUSEWIFE & TWO SISTERS ONE MARRIED & OTHER UNMARRIED. CONTACT – 84002-87490

* * * * *

LOOKING MATCH FOR LOBANA SIKH CLEAN SHAVEN VERY HANDSOME BOY 39/5'11".BSC "NAUTICAL SCIENCE. WORKING AS NAVIGATION OFFICER IN CRUISE SHIP. FATHER COLONEL. SETTLED IN JALANDHAR. BROTHER IN CANADA. CONTACT FOR DETAILS 9654028917

* * * * *

MATCH FOR A HIGHLY EDUCATED & WELL SETTLED MULTANI FAMILY BOY JAN 1995 BORN, 6'+ HEIGHT, QUALIFICATION – B.TECH (COMPUTER SCIENCE & ENGINEERING) FROM CHANDIGARH UNIVERSITY & M. TECH (MASTER OF ENGR. IN ELECTRICAL & COMPUTER SCIENCE) FROM CARLTON UNIVERSITY OTTAWA CANADA PRESENT JOB – 'APPLICATION SUPPORT ANALYSIS' IN MULTINATIONAL CO. WITH HANDSOME PAY & PERKS, FAMILY – FATHER RETD. ASSISTANT GEN MGR FROM A NATIONALIZED BANK & MOTHER HOMEMAKER, SIBLING – ONE ELDER BROTHER MARRIED; MECHANICAL ENGINEER, CANADIAN CITIZEN, OWN HOUSE IN CHANDIGARH & IN CALGARY (CANADA) CONTACT – 8427646876, 8699143273.

* * * * *

SEEKING MATCH FOR LOBANA BOY 03.06.1992 BORN (34 YRS), 5'9", DEGREE -DIPLOMA IN B.A, COMP UTER COURSE DIGITAL MARKETING EXPERIENCE, DOING PRIVATE JOB, PERMANENT RESIDENCE IN SUNNY ENCLAVE-KHARAR, FAMILY – FATHER & MOTHER, SIBLING BROTHER MARRIED AND SETTLED IN CANADA. CONTACT – 7719455430

* * * * *

SEEKING MATCH FOR 27.03.1995 BORN, HEIGHT 6'7" (PR IRELAND) LUBANA SIKH BOY, QUALIFICATION -BCA (COMPUTER SCIENCE) – MASTERS IN DATA SCIENCE, PROFESSION – WORKING REMOTELY AS BI DEVELOPER WITH ACCENTURE IRELAND, ANNUAL PACKAGE 50k EURO, FAMILY – FATHER (RETD.) SENIOR MANAGER FROM PNB (LATE.), MOTHER: HOMEMAKER, BROTHER: WORKING IN GOVT. DEPT IN NEW ZEALAND (PR), RESIDENCE: DELHI (ROHINI), CONTACT – 99110-14520, CASTE NO BAR.

* * * * *

MATCH FOR MBBS, MD DOCTOR ROHTAK PGI, HARYANA, 4/1997 BORN, 6' HEIGHT LOBANA BOY WORKING AT PARAS HOSPITAL, NEAR NADA SAHIB GURUDWARA SAHIB, EXPERIENCE IN AIMS HOSPITAL, DELHI, FAMILY- FATHER ASI IN CHANDIGARH POLICE, MOTHER HOUSEWIFE, ELDER SISTER HAPPILY MARRIED IN CHANDIGARH & RUNNING HER ON COACHING CENTRE IN CHANDIGARH. GIRL PREFERENCE IN SAME FIELD OR IN ANY GOVT. DEPT. PERMANENT RESIDENCE IN PANCHKULA, HARYANA. "FOR MORE DETAILS CONTACT – 98888-22676, 99969-17547.

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

ਉੱਡ ਗਿਆ ਪਿਆਰ ਰੂਹਾਂ 'ਚੋਂ, ਜਿਵੇਂ ਪਾਣੀ ਸੁਕਿਆ ਖੂਹਾਂ 'ਚੋਂ।
ਜਵਾਈਆਂ ਵਿਚੋਂ ਪੁੱਤ ਭਾਲਦੇ ਪਰ ਧੀ ਨਹੀਂ ਦਿਸਦੀ ਨੂੰਹਾਂ 'ਚੋਂ।

12 Interesting Computer Facts

1. Over 60,000 new computer viruses are released every month.

2. The first computer mouse, constructed in 1969, was made out of wood (by doul Engelbart)

3. The average human being blinks 20 times a minute but only 7 times a minute when using a computer.

4. First electro-mechanical computer was developed in 1939.

5. By the end of 2012 there will be 17 billion devices connected to the Internet.

6. 5 out of every 6 internet pages are porn related.

7. Over 1 million domain names are registered every month.

8. With its 800 million internet users, facebook would be the third largest surfing site in the world.

9. The first hard drive was created in 1979 and could hold 5MB of data.

10. Then Vidia Geforce 6800 ultra video card contains 222 million transistors.

11. 20% of online viruses are released by organized crime units.

12. The engineers who developed the BMPC were known as “The Dirty Dozen.”

Parmeet Kaur

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਇਨਸਾਨ ਦੀ ਚਾਹਤ ਹੁੰਦੀ ਹੈ
ਉੱਡਣ ਨੂੰ ਪਰ ਮਿਲੇ।
ਪਰ ਪਰਿੰਦੇ ਸੋਚਦੇ ਨੇ
ਉਨ੍ਹਾਂ ਨੂੰ ਰਹਿਣ ਨੂੰ ਘਰ ਮਿਲੇ।

ਪੈਰ ਦੀ ਮੋਚ
ਅਤੇ ਛੋਟੀ ਸੋਚ
ਇਨਸਾਨ ਨੂੰ ਅੱਗੇ
ਨਹੀਂ ਵਧਣ ਦਿੰਦੀ।

ਅਗਸਤ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਗੁਪਤਦਾਨ	897	3000/-	05.08.2026
2.	ਪੰਡਿਤ ਰਾਮ ਕੁਮਾਰ, ਬ.ਮ.ਸ.ਲ ਭਵਨ, ਸੈਕਟਰ-30ਏ,ਚੰਡੀਗੜ੍ਹ।	898	500/-	17.08.2026
3.	ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀਨੈਂਸ ਸਕੱਤਰ, ਮ.ਨੰ:18, ਏ.ਕੇ.ਐਸ ਕਲੋਨੀ, ਜ਼ੀਰਕਪੁਰ।	899	500/-	17.08.2026
4.	ਸ. ਹਰਮੀਤ ਸਿੰਘ ਮ.ਨੰ. 1239, ਸੈਕਟਰ-23, ਚੰਡੀਗੜ੍ਹ।	900	100/-	17.08.2026
5.	ਸ਼੍ਰੀ. ਸੰਨੀ, ਜਲੰਧਰ	901	200/-	17.08.2026
6.	ਸ. ਸੁਰਿੰਦਰ ਸਿੰਘ ਮ.ਨੰ. 3040, ਸੈਕਟਰ-47, ਚੰਡੀਗੜ੍ਹ।	902	200/-	17.08.2026
7.	ਸ. ਬਲਵੰਤ ਸਿੰਘ ਮ.ਨੰ. 2013, ਸੈਕਟਰ-40ਸੀ, ਚੰਡੀਗੜ੍ਹ।	903	200/-	17.08.2026
8.	ਇੰਜ. ਕਰਨੈਲ ਸਿੰਘ ਮ.ਨੰ. 503, ਜੀ.ਐਚ-14, ਸੈਕਟਰ-14, ਪੰਚਕੁਲਾ।	904	500/-	17.08.2026
9.	ਇੰਜ. ਬਲਜੀਤ ਸਿੰਘ ਭਗਤਾਨਾ ਮ.ਨੰ. 176, ਗੋਲਡਨ ਐਵਨਯੂ, ਜਲੰਧਰ।	905	500/-	17.08.2026
10.	ਇੰਜ. ਭਗਵਾਨ ਸਿੰਘ ਲੁਬਾਣਾ ਮ.ਨੰ. 187, ਹਰਦਿਆਲ ਨਗਰ, ਜਲੰਧਰ।	906	500/-	17.08.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਮਿਤੀ 17-08-2026 ਨੂੰ ਭਾਦੋਂ ਦੀ ਸੰਗਰਾਂਦ ਦਾ ਦਿਹਾੜਾ ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਮਨਾਇਆ ਗਿਆ
















Postal No. - Jallandhar Vide No. L-4/PB/JL-0196/2024-2026



ਬਾਬਾ ਮੱਖਣ ਸ਼ਾਹ ਲੁਬਾਣਾ ਬਾਬਾ ਬਕਾਲੇ ਵਿਖੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਸਮੇਂ
ਕੋਠੇ 'ਤੇ ਚੜ੍ਹ ਕੇ ਹੋਕਾ ਦਿੰਦੇ ਹੋਏ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼